ਸ੍ਰੀ ਸਤਿਆ ਸਾਈ



ਸਤਿਆ ਨਰਾਇਣ ਕਥਾ

Punjabi

ਸ੍ਰੀ ਸਤਿਆ ਸਾਈ ਸੱਤਿਆ ਨਰਾਇਣ ਕਥਾ ਲਈ ਕੁੰਜੀ

1. ਆਪਣੇ ਪ੍ਰਾਰਥਨਾ ਵਾਲੇ ਕਮਰੇ ਵਿਚ ਬੈਠੋ।
2. ਕੋਈ ਲੈਂਪ ਜਾਂ ਮੋਮਬੱਤੀ ਜਗਾਉ।
3. ਅਗਰਬੱਤੀ ਜਗਾ ਲਵੋ।
4. ਕੁਝ ਪ੍ਰਸਾਦ (ਵਿਭੂਤੀ, ਫਲ ਜਾਂ ਮਿਠਾਈ) ਮੰਡਪ ਦੇ ਸਾਹਮਣੇ ਰੱਖੋ।
5. ਪੂਜਾ ਇਕੱਲੇ ਜਾਂ ਗਰੁੱਪ ਬਣਾ ਕੇ ਸ਼ੁਰੂ ਕਰੋ।

ਪੂਜਾ ਲਈ ਹਦਾਇਤਾਂ

1. ਪਵਿੱਤਰ ਮੰਤਰ "ਓਮ" ਦਾ ਉਚਾਰਣ ਤਿੰਨ ਵਾਰ ਕਰੋ।
2. ਗਣੇਸ਼ ਉਸਤਤੀ ਦਾ ਉਚਾਰਣ ਕਰੋ।
3. ਗੁਰੂ ਦੀ ਪ੍ਰਾਰਥਨਾ ਦਾ ਉਚਾਰਣ ਕਰੋ।
4. ਪਵਿੱਤਰ ਸੱਤਿਆ ਨਰਾਇਣ ਕਥਾ ਦੇ ਅਧਿਆਇ 1 ਤੋਂ 5 ਤੱਕ ਪੜ੍ਹੋ।
5. ਸਾਈ ਗਾਇਤ੍ਰੀ ਮੰਤਰ ਦਾ ਤਿੰਨ ਵਾਰ ਉਚਾਰਣ ਕਰੋ।
6. ਗਣੇਸ਼ ਜੀ ਦੇ ਭਜਨ ਨਾਲ ਸ਼ੁਰੂ ਕਰਦੇ ਹੋਏ ਦੋ ਜਾਂ ਤਿੰਨ ਭਜਨ ਗਾਉ।
7. ਸਰਵ ਧਰਮ ਪ੍ਰਾਰਥਨਾ ਗਾਉ।
8. ਆਰਤੀ ਕਰੋ।
9. ਸਮਸਤ ਲੋਕਾ ਪ੍ਰਾਰਥਨਾ ਦਾ ਉਚਾਰਣ ਕਰੋ।
10. ਵਿਭੂਤੀ ਪ੍ਰਾਰਥਨਾ ਦਾ ਉਚਾਰਣ ਕਰਦੇ ਹੋਏ ਵਿਭੂਤੀ ਪ੍ਰਸਾਦ ਵੰਡੋ।

ਨੋਟ: ਅਗਰ ਤੁਸੀਂ ਉਪਰੋਕਤ ਦਰਸਾਈਆਂ ਹਦਾਇਤਾਂ ਦੀ ਪਾਲਣਾ ਨਹੀਂ ਕਰ ਸਕਦੇ ਤਾਂ ਤੁਸੀਂ **ਸ੍ਰੀ ਸਤਿਆ ਸਾਈ ਸੱਤਿਆ ਨਰਾਇਣ ਕਥਾ** ਦੇ ਅਧਿਆਇ 1 ਤੋਂ 5 ਤੱਕ ਪੜ੍ਹ ਸਕਦੇ ਹੋ।

ਇਹ ਕਥਾ ਪੂਰਨਮਾਸ਼ੀ ਨੂੰ, ਵੀਰਵਾਰ ਨੂੰ ਜਾਂ ਰੋਜ਼ਾਨਾ ਪੜ੍ਹੀ ਜਾ ਸਕਦੀ ਹੈ।

ਜਿਹੜਾ ਮਨੁੱਖ ਪੂਰਣ ਵਿਸ਼ਵਾਸ ਅਤੇ ਸ਼ਰਧਾ ਨਾਲ ਇਸ ਪਵਿੱਤਰ,
ਮਨੋਕਾਮਨਾ ਪੂਰੀ ਕਰਨ ਵਾਲੀ ਕਥਾ ਨੂੰ ਪੜ੍ਹਦਾ ਜਾਂ ਸੁਣਦਾ ਹੈ,
ਉਸ ਉੱਪਰ ਅਪਾਰ ਕ੍ਰਿਪਾ ਦੀ ਬਰਸਾਤ ਹੋਵੇਗੀ ਅਤੇ ਉਸਦੀ ਪ੍ਰਾਰਥਨਾ ਸੁਣੀ ਜਾਵੇਗੀ।

ਗਣੇਸ਼ ਜੀ ਦੀ ਪ੍ਰਾਰਥਨਾ

ਵਕ੍ਰ ਤੁੰਡ ਮਹਾ ਕਾਯਾ

ਸੂਰਯਾ ਕੋਟੀ ਸਮ ਪ੍ਰਭਾ

ਨਿਰਵਿਘਨਮ ਕੁਰੂ ਮਯ ਦੇਵਾ

ਸਰਵ ਕਾਰਯੇਸ਼ੂ ਸਰਵਦਾ

ਹੇ ਮੁੜੀ ਹੋਈ ਸੁੰਡ ਅਤੇ ਵਿਸ਼ਾਲ ਕਾਇਆ ਵਾਲੇ ਮਾਲਿਕ, ਜਿਸਦਾ ਯਸ਼ ਇਕ ਕਰੋੜ ਸੂਰਜਾਂ ਦੇ ਬਰਾਬਰ ਹੈ, ਮੇਰੀ ਤੇਰੇ ਅੱਗੇ ਪ੍ਰਾਰਥਨਾ ਹੈ, ਕ੍ਰਿਪਾ ਕਰਕੇ ਮੇਰੇ ਸਾਰੇ ਸ਼ੁਭ ਕਾਰਜਾਂ ਵਿਚ ਪੈਣ ਵਾਲੇ ਸਾਰੇ ਵਿਘਨ ਹਮੇਸ਼ਾ ਦੂਰ ਕਰਦਾ ਰਹਿ।

ਗੁਰੂ ਦੇ ਅੱਗੇ ਪ੍ਰਾਰਥਨਾ

ਗੁਰੂਰ ਬ੍ਰਹਮਾ ਗੁਰੂਰ ਵਿਸ਼ਨੂੰ

ਗੁਰੂਰ ਦੇਵੋ ਮਹੇਸ਼ਵਰ੍ਹਾ

ਗੁਰੂ ਸਾਕਸ਼ਾਤ ਪਾਰ ਬ੍ਰਹਮਾ

ਤਸਮਈ ਸ੍ਰੀ ਗੁਰਾਵੇ ਨਮ੍ਹਾ

ਉਸ ਗੁਰੂ ਅੱਗੇ ਮੇਰਾ ਨਮਸਕਾਰ, ਜੋ ਬ੍ਰਹਮਾ, ਵਿਸ਼ਨੂੰ ਅਤੇ ਦੇਵ ਮਹੇਸ਼ਵਰ ਹੈ। ਗੁਰੂ ਅਸਲ ਵਿਚ ਸਭਤੋਂ ਉੱਚ ਬ੍ਰਹਮਾ ਹੈ।

ਅਧਿਆਇ 1: ਆਗਮਨ ਅਤੇ ਬ੍ਰਹਮਲੀਨ ਬਚਪਨ

ਭਗਵਾਨ ਸ੍ਰੀ ਸੱਤਿਆ ਸਾਈ ਬਾਬਾ ਨੇ ਦੱਖਣ ਭਾਰਤ ਦੇ ਆਂਧਰਾ ਖੇਤਰ ਦੇ ਪੁੱਟਾਪਰਤੀ ਪਿੰਡ ਵਿਚ ਜਨਮ ਲਿਆ। ਆਪਜੀ ਦੇ ਪਿਤਾ ਦਾ ਨਾਮ ਸ੍ਰੀ ਪੇਦਾ ਵੈਂਕੱਪਾ ਰਾਜੂ ਸੀ ਅਤੇ ਆਪਜੀ ਦੀ ਬ੍ਰਹਮ ਮਾਤਾ ਦਾ ਨਾਮ ਇਸਵਰਮਾ ਸੀ।

ਮਾਤਾ ਇਸਵਰਮਾ ਇਕ ਬਹੁਤ ਹੀ ਧਰਮੀ ਔਰਤ ਸੀ, ਅਤੇ ਭਗਵਾਨ ਨੂੰ ਖੁਸ਼ ਕਰਨ ਲਈ ਹਮੇਸ਼ਾ ਕੋਈ ਨਾ ਕੋਈ ਤਪੱਸਿਆ ਕਰਦੀ ਰਹਿੰਦੀ ਸੀ। ਸਵਾਮੀ ਨਾਰਾਇਣ ਉਨ੍ਹਾ ਦੀ ਇਸ ਪ੍ਰੇਮਾ ਭਗਤੀ ਨਾਲ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾ ਨੇ ਇਕ ਵਾਰ ਫਿਰ ਜਨਮ ਲੈਣ ਦਾ ਨਿਰਣਾ ਕੀਤਾ ਅਤੇ ਇਕ ਵਾਰ ਫਿਰ ਤੋਂ ਆਪਣਾ ਬ੍ਰਹਮ ਨਾਟਕ ਰਚਣ ਦਾ ਨਿਸਚੈ ਕੀਤਾ। ਇਸ ਲਈ ਉਨ੍ਹਾ ਨੇ ਪਿਆਰੀ ਇਸਵਰਮਾ ਨੂੰ ਆਪਣੀ ਮਾਤਾ ਅਤੇ ਪੇਦਾ ਵੈਂਕੱਪਾ ਰਾਜੂ ਨੂੰ ਆਪਣਾ ਪਿਤਾ ਚੁਣਿਆ।

ਮਾਤਾ ਇਸਵਰਮਾ ਦੇ ਆਪ ਦੱਸੇ ਮੁਤਾਬਿਕ ਇਹ ਮੰਨਿਆ ਜਾਂਦਾ ਹੈ ਕਿ ਜਦੋਂ ਉਹ ਖੂਹ ਤੋਂ ਪਾਣੀ ਭਰ ਰਹੀ ਸੀ, ਤਾਂ ਅਸਮਾਨ ਵਿਚੋਂ ਇਕ ਚਮਕਦੀ ਨੀਲੀ ਰੌਸ਼ਨੀ ਥੱਲੇ ਆਈ ਅਤੇ ਉਸਦੀ ਕੁੱਖ ਵਿਚ ਸਮਾ ਗਈ। ਉਹ ਬੇਹੋਸ਼ ਹੋ ਕੇ ਡਿੱਗ ਪਈ।ਇਸਵਰਮਾ ਦੀ ਸੱਸ ਨੇ ਉਸਨੂੰ ਪਹਿਲਾਂ ਹੀ ਸੁਚੇਤ ਕੀਤਾ ਹੋਇਆ ਸੀ ਕਿ ਅਗਰ ਪਰਮਾਤਮਾ ਦੀ ਇੱਛਾ ਅਨੁਸਾਰ ਉਸਨੂੰ ਕੁਝ ਹੁੰਦਾ ਹੈ, ਤਾਂ ਉਹ ਡਰੇ ਨਾ। ਇਹ ਰਾਜ਼ ਕਿਸੇ ਨੂੰ ਦੱਸਿਆ ਨਹੀਂ ਗਿਆ ਸੀ। ਭਗਵਾਨ ਦਾ ਜਨਮ ਗਰਭ ਧਾਰਨ ਕਰਨ ਨਾਲ ਨਹੀਂ ਸਗੋਂ ਆਗਮਨ ਨਾਲ ਹੋਇਆ। ਭਗਵਾਨ ਨੇ ਆਪ ਮਾਤਾ ਇਸਵਰਮਾ ਨੂੰ ਕਿਹਾ ਕਿ ਉਹ ਮਹਾ ਸਮਾਧੀ ਤੋਂ ਪਹਿਲਾਂ ਖੂਹ ਨੇੜੇ ਵਾਪਰੀ ਘਟਨਾ ਬਾਰੇ ਆਪਣਾ ਅਨੁਭਵ ਦੱਸੇ।

ਜਿਵੇਂ ਜਿਵੇਂ ਇਸਵਰਮਾ ਦਾ ਗਰਭ ਵਧ ਰਿਹਾ ਸੀ ਅਤੇ ਜਿਵੇਂ ਜਿਵੇਂ ਨੌਵਾਂ ਮਹੀਨਾ ਨਜ਼ਦੀਕ ਆ ਰਿਹਾ ਸੀ, ਘਰ ਵਿਚ ਪਏ ਸੰਗੀਤਕ ਸਾਜ਼ ਆਪਣੇ ਆਪ ਬ੍ਰਹਮ ਧੁਨੀਆਂ ਵਜਾਉਣ ਲੱਗ ਪੈਂਦੇ ਸਨ। ਡ੍ਰਮ ਖੜਕਣ ਲੱਗ ਪੈਂਦੇ, ਵੀਣਾ ਆਪਣੀ ਸੁਰ ਕੱਢਣ ਲੱਗ ਪੈਂਦੀ, ਛੈਣੇ ਆਪਣੇ ਆਪ ਛਣ ਛਣ ਕਰਨ ਲੱਗਦੇ ਅਤੇ ਘਰ ਦੇ ਸਾਰੇ ਵਾਸੀ ਇਨ੍ਹਾ ਦੀ ਬ੍ਰਹਮੀ ਤਰੰਗ ਅਤੇ ਖੁਸ਼ਬੂ ਨਾਲ ਉੱਠ ਜਾਂਦੇ।

ਅੰਤ ਵਿਚ 23 ਨਵੰਬਰ 1926 ਦੀ ਸਵੇਰ ਹੋਈ। ਉਸ ਦਿਨ ਸੋਮਵਾਰ ਸੀ, ਭਗਵਾਨ ਸ਼ਿਵਜੀ ਦਾ ਦਿਨ। ਇਹ ਰਹਿਮਤ ਦਾ ਸਾਲ ਸੀ ਅਤੇ ਰੌਸ਼ਨੀ ਦਾ ਮਹੀਨਾ ਸੀ।ਇਸਵਰਮਾ ਦੀ ਸੱਸ ਅਜੇ ਸੱਤਿਆ ਨਾਰਾਇਣ ਪੂਜਾ ਸੰਪੰਨ ਕਰਕੇ ਹਟੀ ਹੀ ਸੀ ਅਤੇ ਉਸਨੇ ਆਪਣੀ ਨੂੰਹ ਨੂੰ ਬ੍ਰਹਮ ਪ੍ਰਸਾਦ ਦਿੱਤਾ। ਜਿਵੇਂ ਹੀ ਇਸਵਰਮਾ ਨੇ ਪ੍ਰਸਾਦ ਖਾਧਾ, ਸਾਈ ਨਾਰਾਇਣ ਦਾ ਜਨਮ ਹੋ ਗਿਆ। ਬੱਚਾ ਬਹੁਤ ਹੀ ਸੋਹਣਾ ਸੀ।ਉਸਦਾ ਨਾਮ ਸੱਤਿਆ ਨਾਰਾਇਣ ਰੱਖਿਆ ਗਿਆ।

ਇਕ ਦਿਨ ਜਦੋਂ ਛੋਟਾ ਸੱਤਿਆ ਆਪਣੇ ਪੰਘੂੜੇ ਵਿਚ ਸੁੱਤਾ ਪਿਆ ਸੀ, ਆਸਪਾਸ ਦੀਆਂ ਔਰਤਾਂ ਬੱਚੇ ਦੇ ਥੱਲੇ ਪਏ ਕੱਪੜਿਆਂ ਨੂੰ ਹਿਲਦੇ ਦੇਖ ਕੇ ਹੈਰਾਨ ਰਹਿ ਗਈਆਂ। ਜਦੋਂ ਉਨ੍ਹਾ ਨੇ ਛੋਟੇ ਸੱਤਿਆ ਨੂੰ ਚੁੱਕਿਆ, ਤਾਂ ਇਕ ਸੱਪ ਸਵਾਮੀ ਤੋਂ ਪਰ੍ਹੇ ਰੇਂਗਦਾ ਹੋਇਆ ਜਾ ਰਿਹਾ ਸੀ, ਜੋ ਕਿ ਕੁਝ ਗਜ ਦੂਰ ਜਾ ਕੇ ਅਲੋਪ ਹੋ ਗਿਆ। ਲੱਗਦਾ ਸੀ ਕਿ ਜਿਵੇਂ ਸਵਾਮੀ ਆਦਿਸ਼ੇਸ਼ ਦਾ ਆਪਣੇ ਸਵਾਮੀ ਤੋਂ ਬਿਨਾ ਵੈਕੁੰਠ ਵਿਚ ਦਿਲ ਨਾ ਲੱਗ ਰਿਹਾ ਹੋਵੇ ਅਤੇ ਉਹ ਧਰਤੀ ਤੇ ਉਨ੍ਹਾ ਦਾ ਸਾਥ ਪਾਣ ਲਈ ਆਇਆ ਹੋਵੇ!

ਇਕ ਬੱਚੇ ਦੇ ਰੂਪ ਵਿਚ ਵੀ ਸੱਤਿਆ ਨਾਰਾਇਣ ਨੇ ਕਦੇ ਵੀ ਮਾਸਾਹਾਰੀ ਭੋਜਨ ਨੂੰ ਹੱਥ ਨਹੀਂ ਲਗਾਇਆ, ਨਾ ਹੀ ਉਹ ਉਸ ਘਰ ਜਾਂਦੇ ਸੀ ਜਿੱਥੇ ਇਹ ਪੱਕਦਾ ਹੋਵੇ। ਉੱਥੇ ਇਕ ਕਰਨਮ ਸੁੱਬਾਮਾ ਨਾਮ ਦੀ ਸਾਤਵਿਕ ਔਰਤ ਰਹਿੰਦੀ ਸੀ ਜੋ ਪਿਆਰੇ ਸੱਤਿਆ ਨੂੰ ਬਹੁਤ ਪਸੰਦ ਕਰਦੀ ਸੀ। ਉਹ ਆਪਣਾ ਕਾਫੀ ਸਮਾ ਉਸ ਔਰਤ ਦੇ ਘਰ ਬਤੀਤ ਕਰਦੇ ਸਨ। ਇਸ ਅਵਤਾਰ ਵਿਚ ਵੀ ਯਸ਼ੋਦਾ ਦਾ ਹੋਣਾ ਤਾਂ ਲਾਜ਼ਮੀ ਸੀ!

ਸੱਤਿਆ ਦੇ ਮਾਪਿਆਂ ਦੇ ਘਰੋਂ ਕੋਈ ਵੀ ਭਿਖਾਰੀ ਕਦੇ ਵੀ ਖਾਲੀ ਹੱਥ ਨਹੀਂ ਮੋੜਿਆ ਜਾਂਦਾ ਸੀ। ਸੱਤਿਆ ਇਹ ਯਕੀਨੀ ਬਣਾਉਂਦਾ ਸੀ ਕਿ ਭਿਖਾਰੀ ਨੂੰ ਪੇਟ ਭਰਕੇ ਖਾਣ ਨੂੰ ਦਿੱਤਾ ਜਾਵੇ ਅਤੇ ਕਦੀ ਕਦੀ ਉਹ ਖੁਦ ਖਾਣਾ ਨਹੀਂ ਸੀ ਖਾਂਦੇ ਅਤੇ ਉਨ੍ਹਾ ਦੀ ਮਾਤਾ ਅਤੇ ਭੈਣ ਉਨ੍ਹਾ ਦੇ ਇਸ ਮੁਤਵਾਤਰ ਦਾਨ ਪੁੰਨ ਤੋਂ ਨਰਾਜ਼ ਵੀ ਹੋ ਜਾਂਦੇ। ਬਾਦ ਵਿਚ ਜਦੋਂ ਉਹ ਉਨ੍ਹਾਨੂੰ ਖਾਣਾ ਖਾਣ ਲਈ ਬੁਲਾਉਂਦੇ ਤਾਂ ਸੱਤਿਆ ਆਪਣੇ ਛੋਟੀਆਂ ਕਮਲ ਵਰਗੀਆਂ ਹਥੇਲੀਆਂ ਨੂੰ ਉਨ੍ਹਾ ਦੇ ਨੱਕ ਹੇਠ ਰੱਖ ਕੇ ਸੁੰਘਣ ਨੂੰ ਕਹਿੰਦੇ। ਉਨ੍ਹਾ ਨੂੰ ਸਭਤੋਂ ਸੁਆਦੀ ਅਤੇ ਮੂੰਹ ਵਿਚ ਪਾਣੀ ਲਿਆਉਣ ਵਾਲੀ ਖੁਸ਼ਬੂ ਉਨ੍ਹਾਦੇ ਬ੍ਰਹਮ ਲਾਲ ਹਥੇਲੀਆਂ ਵਿਚੋਂ ਆਉਂਦੀ। ਜਦੋਂ ਉਹ ਉਨ੍ਹਾਤੋਂ ਪੁੱਛਦੇ ਕਿ ਉਨ੍ਹਾਨੇ ਖਾਣਾ ਕਿੱਥੇ ਖਾਧਾ ਹੈ, ਤਾਂ ਸੱਤਿਆ ਦਾ ਇਕਦਮ ਜਵਾਬ ਹੁੰਦਾ, "ਇਕ ਬਜ਼ੁਰਗ ਇਨਸਾਨ ਨੇ ਮੈਨੂੰ ਖੁਆਇਆ।"

ਇਕ ਬੱਚੇ ਦੇ ਤੌਰ ਤੇ ਹੀ ਸੱਤਿਆ ਨੇ ਆਪਣਾ ਅਸਲੀ ਸੁਭਾਅ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ – "ਪਿਆਰ"। ਉਹ ਆਪਣੇ ਦੋਸਤਾਂ ਨੂੰ ਕਦੇ ਉਦਾਸ ਨਹੀਂ ਸੀ ਦੇਖ ਸਕਦੇ। ਅਕਸਰ ਉਹ ਉਨ੍ਹਾ ਨੂੰ ਖੁਸ਼ ਕਰਨ ਲਈ ਫਲ, ਮਠਿਆਈਆਂ ਅਤੇ ਪੈਂਨਸਿਲਾਂ ਆਦਿ ਸਿਰਜ ਕਰਕੇ ਦਿੰਦੇ ਸੀ। ਉਹ ਸਾਰੇ ਛੋਟੇ ਛੋਟੇ ਬੱਚਿਆਂ ਨੂੰ ਇਕੱਠੇ ਕਰਦੇ ਅਤੇ ਗੁੱਡੀਆਂ ਦਾ ਘਰ ਬਣਾਉਂਦੇ, ਜਿਸ ਅੰਦਰ ਉਹ ਦੇਵੀ-ਦੇਵਤਿਆਂ ਦੀਆਂ ਛੋਟੀਆਂ ਛੋਟੀਆਂ ਤਸਵੀਰਾਂ ਲਗਾਉਂਦੇ ਅਤੇ ਆਪਣੇ ਦੋਸਤਾਂ ਨੂੰ ਭਜਨ ਸਿਖਾਉਂਦੇ।

ਆਪਣੀ ਮੁਢਲੀ ਪੜ੍ਹਾਈ ਪੂਰੀ ਕਰਨ ਉਪਰੰਤ ਸੱਤਿਆ ਨੂੰ ਨੇੜਲੇ ਪਿੰਡ ਬੁੱਕਾਪਟਨਮ ਵਿਖੇ ਮਾਧਮਿਕ ਸਿੱਖਿਆ ਲਈ ਦਾਖਲ ਕਰਵਾਇਆ ਗਿਆ। ਉੱਥੇ ਵੀ ਉਹ ਆਪਣੇ ਸਕੂਲ ਦੇ ਸਾਥੀਆਂ ਵਿਚ ਬਹੁਤ ਮਕਬੂਲ ਹੋਏ ।

ਉਨ੍ਹਾਦੇ ਇਕ ਅਧਿਆਪਕ, ਮਹਿਬੂਬ ਖਾਨ, ਸੱਤਿਆ ਨੂੰ ਬਹੁਤ ਪਸੰਦ ਕਰਦਾ ਸੀ। ਇਕ ਦਿਨ ਕਲਾਸ ਦੇ ਦੌਰਾਨ, ਕਿਸੇ ਹੋਰ ਅਧਿਆਪਕ ਨੇ ਸੱਤਿਆ ਨੂੰ ਆਪਣੇ ਵਲੋਂ ਲਿਖਵਾਇਆ ਜਾ ਰਿਹਾ ਅਧਿਆਇ ਨਾ ਲਿਖਦੇ ਹੋਏ ਨੂੰ ਫੜ ਲਿਆ। ਅਧਿਆਪਕ ਦੀ ਹਉਮੈ ਨੂੰ ਠੇਸ ਪਹੁੰਚੀ।

ਉਸਨੇ ਸੱਤਿਆ ਨੂੰ ਸਜ਼ਾ ਵਜੋਂ ਬੈਂਚ ਉਪਰ ਖੜਾ ਕਰ ਦਿੱਤਾ। ਉਸ ਅਧਿਆਪਕ ਦਾ ਪੀਰੀਅਡ ਖਤਮ ਹੋ ਗਿਆ। ਘੰਟੀ ਵਜ ਗਈ, ਪਰ ਅਧਿਆਪਕ ਆਪਣੀ ਕੁਰਸੀ ਨਾ ਛੱਡ ਸਕਿਆ! ਸੱਤਿਆ ਅਜੇ ਵੀ ਬੈਂਚ ਉਪਰ ਖੜੇ ਸੀ, ਜਦੋਂ ਅਗਲੇ ਅਧਿਆਪਕ ਮਹਿਬੂਬ ਖਾਨ ਕਲਾਸ ਵਿਚ ਵੜੇ।

ਖਾਨ ਆਪਣੇ ਸਾਥੀ ਕੋਲ ਗਿਆ, ਜੋ ਕਿ ਹੁਣ ਤਕ ਪੂਰੀ ਤਰਾਂ ਸ਼ਰਮਸਾਰ ਹੋ ਚੁੱਕਾ ਸੀ, ਅਤੇ ਉਸਨੂੰ ਕੁਰਸੀ ਖਾਲੀ ਕਰਨ ਦੀ ਬੇਨਤੀ ਕੀਤੀ। ਬੇਚਾਰੇ ਅਧਿਆਪਕ ਦੀਆਂ ਅੱਖਾਂ ਵਿਚ ਹੰਝੂ ਆ ਗਏ ਸਨ। ਉਸਨੇ ਕਿਹਾ, "ਸਾਹਿਬ, ਕੁਰਸੀ ਮੇਰੇ ਨਾਲ ਚਿਪਕ ਗਈ ਹੈ!" ਖਾਨ ਨੇ ਕਲਾਸ ਵਿਚ ਆਸ ਪਾਸ ਦੇਖਿਆ। ਸਾਰੇ ਬੱਚਿਆਂ ਨੇ ਅਧਿਆਪਕ ਦੀ ਗੱਲਬਾਤ ਸੁਣ ਲਈ ਸੀ ਅਤੇ ਉਹ ਹਿੜਹਿੜਾ ਰਹੇ ਸਨ।

ਖਾਨ ਨੇ ਨਿਰੇ ਖੌਫ਼ ਵਿਚ ਦੇਖਿਆ ਕਿ ਸੱਤਿਆ ਬੈਂਚ ਉਪਰ ਖੜਾ ਹੋ ਕੇ ਪੂਰੇ ਨਾਟਕ ਦਾ ਆਨੰਦ ਮਾਣ ਰਿਹਾ ਸੀ। ਖਾਨ ਬਹੁਤ ਹੈਰਾਨ ਪਰੇਸ਼ਾਨ ਹੋਇਆ ਤੇ ਉਸਨੇ ਅਧਿਆਪਕ ਨੂੰ ਸੱਤਿਆ ਨੂੰ ਥੱਲੇ ਉਤਾਰਨ ਲਈ ਕਿਹਾ ਕਿਉਂਕਿ ਸਿਰਫ ਇਸਤਰਾਂ ਕਰਨ ਨਾਲ ਹੀ ਕੁਰਸੀ ਉਸਨੂੰ ਛੱਡੇਗੀ। ਅਧਿਆਪਕ ਜੋ ਕਿ ਪਹਿਲਾਂ ਹੀ ਜ਼ਲੀਲ ਤੇ ਸ਼ਰਮਸਾਰ ਹੋਇਆ ਹੋਇਆ ਸੀ, ਨੇ ਸੱਤਿਆ ਨੂੰ ਬੈਂਚ ਤੋਂ ਥੱਲੇ ਉਤਰਨ ਲਈ ਬੇਨਤੀ ਕੀਤੀ। ਜਿਵੇਂ ਹੀ ਉਹ ਥੱਲੇ ਉਤਰੇ, ਅਧਿਆਪਕ ਦੀ ਕੁਰਸੀ ਨੇ ਵੀ ਉਸਨੂੰ ਛੱਡ ਦਿੱਤਾ। ਇਸ ਤਰੀਕੇ ਨਾਲ ਸੱਤਿਆ ਨੇ ਆਪਣੇ ਆਪ ਨੂੰ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ।

ਇਕ ਦਿਨ ਕਿਸੇ ਟਾਂਗੇ ਵਾਲੇ ਦਾ ਘੋੜਾ ਗੁਆਚ ਗਿਆ। ਉਸਨੇ ਸਭ ਜਗ੍ਹਾ ਲੱਭਿਆ ਪਰ ਵਿਅਰਥ। ਕਿਸੇ ਨੇ ਉਸਨੂੰ ਦੱਸਿਆ ਕਿ ਨੇੜੇ ਦੇ ਸਕੂਲ ਵਿਚ ਪੜ੍ਹਦਾ ਇਕ ਦੈਵੀ ਮੁੰਡਾ ਹੈ ਜੋ ਉਸਨੂੰ ਘੋੜੇ ਦੇ ਅਤੇ ਪਤੇ ਬਾਰੇ ਦੱਸ ਦੇਵੇਗਾ। ਸ਼ਿਰਡੀ ਅਵਤਾਰ ਵਾਂਗ ਸੱਤਿਆ ਨੇ ਪਿਆਰ ਨਾਲ ਉਸ ਆਦਮੀ ਨੂੰ ਬੁਲਾਇਆ ਅਤੇ ਉਸਨੂੰ ਦੱਸਿਆ ਕਿ ਉਸਦਾ ਘੋੜਾ ਪਿੰਡ ਦੇ ਬਾਹਰ ਅੰਬਾਂ ਦੇ ਬਾਗ ਵਿਚ ਘਾਹ ਚਰ ਰਿਹਾ ਹੈ। ਘੋੜੇ ਵਾਲੇ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਜਦੋਂ ਉਸਨੂੰ ਸੱਤਿਆ ਦੇ ਦੱਸੇ ਮੁਤਾਬਿਕ ਆਪਣਾ ਘੋੜਾ ਮਿਲ ਗਿਆ। ਉਸ ਦਿਨ ਤੋਂ ਸਾਰੇ ਟਾਂਗੇ ਵਾਲੇ ਸੱਤਿਆ ਨੂੰ ਆਪਣੇ ਟਾਂਗੇ ਵਿਚ ਬੈਠਣ ਲਈ ਬੇਨਤੀ ਕਰਦੇ ਤਾਂਕਿ ਉਨ੍ਹਾ ਤੇ ਵੀ ਕ੍ਰਿਪਾ ਹੋ ਜਾਵੇ ਅਤੇ ਉਨ੍ਹਾ ਦਾ ਵਪਾਰ ਹੋਰ ਵਧੇ।

ਸ੍ਰੀ ਸੱਤਿਆ ਸਾਈ ਸੱਤਿਆ ਨਾਰਾਇਣ ਕਥਾ
ਦਾ ਪਹਿਲਾ ਮੰਗਲਮਇ ਅਧਿਆਇ ਖਤਮ ਹੁੰਦਾ ਹੈ।
ਸ੍ਰੀ ਸਾਈ ਨੂੰ ਪ੍ਰਣਾਮ। ਸਭਨੂੰ ਸ਼ਾਂਤੀ ਮਿਲੇ!

ਅਧਿਆਇ 2: ਸਾਈ ਬਾਬਾ ਦਾ ਮਿਸ਼ਨ ਸ਼ੁਰੂ

8 ਮਾਰਚ 1940 ਨੂੰ ਸੱਤਿਆ ਨੇ ਇਕ ਜ਼ੋਰ ਦੀ ਚੀਕ ਮਾਰੀ ਤੇ ਬੇਹੋਸ਼ ਹੋ ਗਿਆ। ਉਨ੍ਹਾਨੇ ਆਪਣੇ ਸੱਜੇ ਪੈਰ ਦੇ ਅੰਗੂਠੇ ਨੂੰ ਕੱਸ ਕੇ ਫੜਿਆ ਹੋਇਆ ਸੀ। ਘਰ ਵਿਚ ਸਭਨੂੰ ਲੱਗਾ ਕਿ ਸ਼ਾਇਦ ਉਨ੍ਹਾਨੂੰ ਬਿੱਛੂ ਨੇ ਡੰਗ ਮਾਰ ਲਿਆ ਹੈ। ਪਰੰਤੂ ਅਸਲ ਵਿਚ ਸੱਤਿਆ ਨੇ ਕੁਝ ਸ਼ਰਧਾਲੂਆਂ ਨੂੰ ਬਚਾਉਣ ਲਈ ਆਪਣਾ ਜਿਸਮਾਨੀ ਰੂਪ ਛੱਡ ਦਿੱਤਾ ਸੀ, ਜਿਸ ਬਾਰੇ ਆਸ ਪਾਸ ਖੜੇ ਕਿਸੇ ਵੀ ਵਿਅਕਤੀ ਨੂੰ ਨਹੀਂ ਸੀ ਪਤਾ, ਕਿਉਂਕਿ ਇਸ ਤਰਾਂ ਦਾ ਕੌਤਕ ਉਨ੍ਹਾਨੇ ਬਾਕੀਆਂ ਦੀ ਹਾਜ਼ਰੀ ਵਿਚ ਕਦੇ ਨਹੀਂ ਸੀ ਕੀਤਾ। ਸਭ ਬਿੱਛੂ ਨੂੰ ਲੱਭ ਰਹੇ ਸਨ, ਪਰੰਤੂ ਇਹ ਕਿਵੇਂ ਹੋ ਸਕਦਾ ਸੀ ਜਦਕਿ ਇਹ ਸੱਤਿਆ ਦੀ ਸਥਿਤੀ ਦਾ ਕਾਰਣ ਹੀ ਨਹੀਂ ਸੀ?

ਕੁਝ ਸਮੇ ਬਾਦ ਸੱਤਿਆ ਨੇ ਅੱਖਾਂ ਖੋਲੀਆਂ, ਪਰ ਉਹ ਪਹਿਲਾਂ ਵਾਂਗ ਹੀ ਸ਼ਾਂਤ ਸੀ। ਅਗਲੇ ਦਿਨ ਇਕ ਵਾਰ ਫਿਰ ਸੱਤਿਆ ਬੇਹੋਸ਼ ਹੋ ਗਿਏ। ਬਾਦ ਵਿਚ ਜਦੋਂ ਉਨ੍ਹਾਨੇ ਅੱਖਾਂ ਖੋਲੀਆਂ ਤਾਂ ਉਨ੍ਹਾਨੇ ਆਪਣੇ ਆਸ ਪਾਸ ਖੜ੍ਹੇ ਲੋਕਾਂ ਨੂੰ ਦੱਸਿਆ ਕਿ ਪਿੰਡ ਦੀ ਦੇਵੀ ਮੁੱਥਿਆਲੰਮਾ ਨਰਾਜ਼ ਹੈ, ਇਸ ਕਰਕੇ ਉਨ੍ਹਾ ਵਿਚੋਂ ਇਕ ਵਿਅਕਤੀ ਜਾਵੇ ਅਤੇ ਦੇਵੀ ਦੇ ਸਾਹਮਣੇ ਨਾਰੀਅਲ ਤੋੜ ਕੇ ਕਪੂਰ ਜਲਾ ਕੇ ਆਵੇ।

ਜਦੋਂ ਮੰਦਿਰ ਵਿਚ ਨਾਰੀਅਲ ਤੋੜਿਆ ਗਿਆ, ਸੱਤਿਆ ਨੇ ਘਰ ਬੈਠੇ ਹੀ ਦੱਸ ਦਿੱਤਾ ਕਿ ਨਾਰੀਅਲ ਤਿੰਨ ਹਿੱਸਿਆਂ ਵਿਚ ਟੁੱਟਿਆ ਹੈ। ਇਹ ਸੱਚ ਸੀ! ਕੁਝ ਲੋਕਾਂ ਨੂੰ ਲੱਗਾ ਕਿ ਸੱਤਿਆ ਤੇ ਕਿਸੇ ਆਤਮਾ ਦਾ ਪ੍ਰਭਾਵ ਹੈ। ਉਨ੍ਹਾ ਨੇ ਉਨ੍ਹਾ ਦਾ ਤਰਾਂ ਤਰਾਂ ਦੀਆਂ ਦਵਾਈਆਂ ਅਤੇ ਜੜੀ ਬੂਟੀਆਂ ਨਾਲ ਇਲਾਜ ਸ਼ੁਰੂ ਕਰ ਦਿੱਤਾ। ਬਾਕੀਆਂ ਨੂੰ ਲੱਗਾ ਕਿ ਸੱਤਿਆ ਪਾਗਲ ਹੋ ਗਿਆ ਹੈ ਅਤੇ ਉਸਦੇ ਮਾਪਿਆਂ ਨੂੰ ਸੁਨੇਹਾ ਭੇਜਿਆ ਗਿਆ।

ਸੱਤਿਆ ਦੇ ਮਾਂ-ਬਾਪ ਆਏ ਅਤੇ ਆਪਣੇ ਪਿਆਰੇ ਪੁੱਤਰ ਦੀ ਇਸ ਦਸ਼ਾ ਨੂੰ ਦੇਖ ਕੇ ਉਨ੍ਹਾ ਨੂੰ ਬਹੁਤ ਹੈਰਾਨੀ ਹੋਈ। ਉਨ੍ਹਾ ਨੂੰ ਵੀ ਪਤਾ ਨਹੀਂ ਸੀ ਕਿ ਕੀ ਕੀਤਾ ਜਾਵੇ, ਇਸ ਲਈ ਉਹ ਉਨ੍ਹਾਨੂੰ ਇਕ ਤਾਂਤਰਿਕ ਕੋਲ ਲੈ ਗਏ। ਤਾਂਤਰਿਕ ਦਾ ਆਤਮਾਵਾਂ ਨੂੰ ਭਜਾਉਣ ਦਾ ਤਰੀਕਾ ਬਹੁਤ ਜ਼ਾਲਮ ਸੀ। ਉਸਨੇ ਤੇਜ਼ ਧਾਰ ਛੁਰੀ ਨਾਲ ਪਿਆਰੇ ਸੱਤਿਆ ਦੀ ਖੋਪੜੀ ਨੂੰ ਕੱਟਿਆ, ਉਸ ਵਿਚ ਨੀਂਬੂ ਦਾ ਰਸ ਪਾਇਆ, ਅਤੇ ਇਕ ਕਸੈਲਾ ਪਾਊਡਰ ਲਗਾਇਆ, ਜਿਸ ਨਾਲ ਪਿਆਰੇ ਸੱਤਿਆ ਦਾ ਚਿਹਰਾ ਸੁੱਜ ਕੇ ਅਸੁਭਾਵਿਕ ਅਨੁਪਾਤ ਦਾ ਹੋ ਗਿਆ। ਉਸਦੀਆਂ ਅੱਖਾਂ ਬਹੁਤ ਵੱਡੀਆਂ ਹੋ ਗਈਆਂ।

ਉਨ੍ਹਾਦੀ ਮਾੜੀ ਹਾਲਤ ਦੇਖ ਕੇ ਸੱਤਿਆ ਦੀ ਮਾਤਾ ਅਤੇ ਭੈਣ ਬਹੁਤ ਦੁਖੀ ਹੋਈਆਂ, ਪਰੰਤੂ ਉਹ ਲਾਚਾਰ ਸਨ, ਕਿਉਂਕਿ ਉਨ੍ਹਾ ਨੇ ਸੱਤਿਆ ਨੂੰ ਤਾਂਤਰਿਕ ਦੇ ਹਵਾਲੇ ਕਰ ਦਿੱਤਾ ਸੀ। ਉਨ੍ਹਾ ਦੀ ਹਾਲਤ ਦੇਖ ਕੇ ਸੱਤਿਆ ਨੇ ਆਪਣੀ ਭੈਣ ਨੂੰ ਪਿਆਰ ਨਾਲ ਕਿਹਾ ਕਿ ਨੇੜੇ ਹੀ ਇਕ ਜੜੀ ਬੂਟੀ ਉੱਗੀ ਹੋਈ ਹੈ। ਉਨ੍ਹਾਨੇ ਕਿਹਾ ਕਿ ਉਹ ਉਸ ਜੜੀ ਬੂਟੀ ਦਾ ਰਸ ਕੱਢਕੇ ਉਨ੍ਹਾਦੀਆਂ ਅੱਖਾਂ ਤੇ ਲਗਾਵੇ।

ਸੱਤਿਆ ਦੀ ਮਾਤਾ ਅਤੇ ਭੈਣ ਨੇ ਤਾਂਤਰਿਕ ਨੂੰ ਬਹੁਤ ਬੇਨਤੀ ਕੀਤੀ ਕਿ ਉਹ ਸੱਤਿਆ ਨੂੰ ਛੱਡ ਦੇਵੇ, ਅਤੇ ਜਦੋਂ ਉਹ ਠੀਕ ਹੋ ਜਾਵੇਗਾ ਤਾਂ ਉਹ ਉਸਨੂੰ ਫਿਰ ਲੈ ਆਉਣਗੀਆਂ। ਬੜੀ ਮੁਸ਼ਕਿਲ ਨਾਲ ਤਾਂਤਰਿਕ ਨੇ ਸੱਤਿਆ ਨੂੰ ਛੱਡਿਆ। ਸੱਤਿਆ ਦੀ ਸਲਾਹ ਮੁਤਾਬਿਕ ਉਨ੍ਹਾ ਨੇ ਜੜੀ ਬੂਟੀ ਵਾਲੇ ਰਸ ਦੀਆਂ ਕੁਝ ਬੂੰਦਾਂ ਉਨ੍ਹਾ ਦੀਆਂ ਅੱਖਾਂ ਤੇ ਲਗਾਈਆਂ ਅਤੇ ਛੇਤੀ ਹੀ ਉਹ ਸੁਭਾਵਿਕ ਹੋ ਗਈਆਂ ਅਤੇ ਸ਼ਰਾਰਤ ਨਾਲ ਚਮਕਣ ਲੱਗੀਆਂ।

ਦਿਨ ਲੰਘਦੇ ਗਏ, ਅਤੇ ਸੱਤਿਆ ਪਿੰਡ ਵਾਲਿਆਂ ਨੂੰ ਉੱਚ ਪੱਧਰ ਦੇ ਵੈਦਿਕ ਫਲਸਫੇ ਬਾਰੇ ਵਿਆਖਿਆ ਕਰਦਾ। ਉਹ ਸਾਈ ਬਾਬਾ ਨਾਮਕ ਇਕ ਸੰਤ ਬਾਰੇ ਵੀ ਗੱਲ ਕਰਨ ਲੱਗੇ। ਉਨ੍ਹਾਦੇ ਪਿਤਾ, ਪੇਦਾ ਵੈਂਕੱਪਾ ਰਾਜੂ, ਇਸਨੂੰ ਜ਼ਿਆਦਾ ਦੇਰ ਤੱਕ ਨਾ ਬਰਦਾਸ਼ਤ ਕਰ ਸਕੇ।

ਇਕ ਦਿਨ ਉਹ ਕੁੱਟ ਕੁੱਟ ਕੇ ਸੱਤਿਆ ਦਾ ਭੂਤ ਕੱਢਣ ਲਈ ਸੋਟੀ ਲੈ ਕੇ ਉਨ੍ਹਾ ਕੋਲ ਆਏ। ਉਨ੍ਹਾਨੇ ਸੱਤਿਆ ਨੂੰ ਪੁੱਛਿਆ, "ਤੂੰ ਕੌਣ ਹੈਂ? ਮੈਨੂੰ ਸੱਚ ਦੱਸ!" ਸੱਤਿਆ ਨੇ ਅਡੋਲ ਹੋ ਕੇ ਪਿਆਰ ਅਤੇ ਅਖ਼ਤਿਆਰ ਨਾਲ ਜਵਾਬ ਦਿੱਤਾ, "ਮੈਂ ਸਾਈ ਬਾਬਾ ਹਾਂ। ਆਪਣੇ ਘਰ ਸਾਫ ਰੱਖੋ ਅਤੇ ਆਪਣੇ ਮਨ ਸ਼ੁੱਧ ਰੱਖੋ। ਮੈਂ ਉੱਥੇ ਸਦਾ ਲਈ ਵਾਸ ਕਰਾਂਗਾ"।

ਪੇਦਾ ਵੈਂਕੱਪਾ ਰਾਜੂ ਦੇ ਹੱਥੋਂ ਸੋਟੀ ਡਿੱਗ ਪਈ। ਉਹ ਹੱਕਾ ਬੱਕਾ ਰਹਿ ਗਏ। ਉਨ੍ਹਾਨੇ ਕਿਹਾ, "ਜੇਕਰ ਤੂੰ ਸੱਚੀਂ ਸਾਈ ਬਾਬਾ ਹੈਂ, ਤਾਂ ਸਾਨੂੰ ਸਬੂਤ ਦੇ"। ਸੱਤਿਆ ਨੇ ਚਮੇਲੀ ਦੇ ਫੁੱਲਾਂ ਦੀ ਬੁੱਕ ਭਰੀ ਅਤੇ ਉਨ੍ਹਾ ਨੂੰ ਜ਼ਮੀਨ ਤੇ ਸੁੱਟ ਦਿੱਤਾ। ਜਦੋਂ ਉਹ ਡਿੱਗੇ, ਤਾਂ ਉਨ੍ਹਾ ਦਾ ਤੇਲਗੂ ਵਿਚ "ਸਾਈ ਬਾਬਾ" ਸ਼ਬਦ ਬਣ ਗਏ।

ਉਸ ਦਿਨ ਤੋਂ ਬਾਦ ਪਿੰਡ ਵਾਲੇ ਅਤੇ ਨੇੜੇ ਦੇ ਪਿੰਡਾਂ ਵਾਲੇ ਉਨ੍ਹਾਨੂੰ ਸੱਤਿਆ ਸਾਈ ਬਾਬਾ ਕਹਿਣ ਲੱਗ ਪਏ। ਉਹ ਪੂਰੀ ਸ਼ਰਧਾ ਨਾਲ ਉਨ੍ਹਾਦੀ ਪੂਜਾ ਕਰਨ ਲੱਗ ਪਏ ਅਤੇ ਹਰੇਕ ਵੀਰਵਾਰ ਉਨ੍ਹਾਦੀ ਖਾਸ ਪੂਜਾ ਹੋਣ ਲੱਗੀ।

ਸ੍ਰੀ ਸੱਤਿਆ ਸਾਈ ਸੱਤਿਆ ਨਾਰਾਇਣ ਕਥਾ
ਦਾ ਦੂਸਰਾ ਮੰਗਲਮਇ ਅਧਿਆਇ ਖਤਮ ਹੁੰਦਾ ਹੈ।
ਸ੍ਰੀ ਸਾਈ ਨੂੰ ਪ੍ਰਣਾਮ। ਸਭਨੂੰ ਸ਼ਾਂਤੀ ਮਿਲੇ!

ਅਧਿਆਇ 3: ਬਾਲ ਸਾਈ ਦੀਆਂ ਬ੍ਰਹਮ ਲੀਲਾਵਾਂ

ਜਿਵੇਂ ਜਿਵੇਂ ਸੱਤਿਆ ਵੱਡੇ ਹੁੰਦੇ ਗਏ, ਲੋਕਾਂ ਨੂੰ ਉਨ੍ਹਾ ਦੀਆਂ ਲੁਪਤ ਸ਼ਕਤੀਆਂ ਦਾ ਅਹਿਸਾਸ ਹੁੰਦਾ ਗਿਆ। ਉਹ ਆਦਰ ਨਾਲ ਉਨ੍ਹਾਨੂੰ 'ਸਵਾਮੀ' ਬੁਲਾਉਣ ਲੱਗੇ।

ਇਕ ਦਿਨ ਸਵਾਮੀ ਅਤੇ ਉਸਦੇ ਪਰਿਵਾਰਕ ਮੈਂਬਰ ਹੰਪੀ ਵਿਖੇ ਵੀਰੂਪਕਸ਼ ਮੰਦਰ ਗਏ। ਜਦੋਂ ਉਹ ਮੰਦਰ ਪਹੁੰਚੇ ਤਾਂ ਸਵਾਮੀ ਉਨ੍ਹਾ ਦੇ ਨਾਲ ਅੰਦਰ ਨਹੀਂ ਗਏ। ਬਲਕਿ ਉਹ ਮੰਦਰ ਦੇ ਦਰਵਾਜ਼ੇ ਕੋਲ ਖੜੇ ਹੋ ਗਏ । ਜਦੋਂ ਮੰਡਪ ਵਿਚ ਪੂਜਾ ਸ਼ੁਰੂ ਹੋਈ, ਤਾਂ ਸਵਾਮੀ ਨੂੰ ਲਿੰਗਮ ਦੀ ਜਗ੍ਹਾ ਖੜ੍ਹਾ ਦੇਖ ਕੇ ਸਾਰੇ ਹੈਰਾਨ ਹੋ ਗਏ।

ਉਹ ਉਨ੍ਹਾਨੂੰ ਹੁਣੇ ਹੀ ਤਾਂ ਮੰਦਰ ਦੇ ਦਰਵਾਜ਼ੇ ਤੇ ਛੱਡ ਕੇ ਆਏ ਸਨ। ਉਹ ਇਕ ਦਮ ਮੰਡਪ ਦੇ ਅੰਦਰ ਕਿਵੇਂ ਚਲੇ ਗਏ? ਉਹ ਦੌੜ ਕੇ ਬਾਹਰ ਆਏ ਅਤੇ ਉਨ੍ਹਾ ਦੇਖਿਆ ਕਿ ਸਵਾਮੀ ਪਹਿਲਾਂ ਦੀ ਤਰਾਂ ਉੱਥੇ ਹੀ ਖੜ੍ਹੇ ਹੈ, ਇਕਦਮ ਇਕੱਲਾ ਅਤੇ ਉਨ੍ਹਾਦੇ ਗੁਲਾਬੀ ਬੁੱਲ੍ਹਾਂ ਤੇ ਭੋਲੀ ਜਿਹੀ ਮੁਸਕਾਨ ਸੀ। ਸਾਰੇ ਮੰਤਰਮੁਗਧ ਹੋ ਗਏ ਅਤੇ ਸਵਾਮੀ ਦੇ ਪੈਰਾਂ ਤੇ ਡਿਗ ਪਏ।

ਇਕ ਦਿਨ ਸਵਾਮੀ ਸਕੂਲ ਤੋਂ ਘਰ ਵਾਪਿਸ ਆਏ, ਆਪਣਾ ਸਕੂਲ ਦਾ ਬਸਤਾ ਸੁੱਟਦੇ ਹੋਏ ਉੱਚੀ ਆਵਾਜ਼ ਵਿਚ ਬੋਲਿਆ, "ਮੈਨੂੰ ਮਾਇਆ ਨੇ ਛੱਡ ਦਿੱਤਾ ਹੈ। ਹੁਣ ਮੈਂ ਤੁਹਾਡਾ ਨਹੀਂ ਰਿਹਾ। ਮੇਰੇ ਭਗਤ ਮੇਰੀ ਉਡੀਕ ਕਰ ਰਹੇ ਹਨ"। ਸਵਾਮੀ ਦੀ ਭਾਬੀ ਜੋ ਕਿ ਅੰਦਰ ਸੀ, ਭੱਜ ਕੇ ਬਾਹਰ ਆਈ ਪਰ ਉਹ ਸਵਾਮੀ ਦੇ ਸਿਰ ਦੇ ਦੁਆਲੇ ਬਣੇ ਤੇਜ਼ ਰੌਸ਼ਨੀ ਦੇ ਪ੍ਰਕਾਸ਼ ਨਾਲ ਤਕਰੀਬਨ ਅੰਨ੍ਹੀ ਜਿਹੀ ਹੋ ਗਈ ਸੀ। ਉਸਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਕਿਉਂਕਿ ਉਹ ਉਸਦਾ ਤੇਜ ਸਹਿ ਨਹੀਂ ਪਾ ਰਹੀ ਸੀ।

ਮਾਤਾ ਇਸਵਰਮਾ ਨੇ ਪਿਆਰ ਨਾਲ ਸਵਾਮੀ ਨੂੰ ਬੇਨਤੀ ਕੀਤੀ, "ਹੇ ਪੁੱਤਰ, ਜੇਕਰ ਤੂੰ ਜਾਣਾ ਹੀ ਹੈ ਅਤੇ ਆਪਣੇ ਭਗਤਾਂ ਕੋਲ ਜਾਣਾ ਹੈ, ਕ੍ਰਿਪਾ ਕਰਕੇ ਇੱਥੇ ਪੁੱਟਾਪਰਤੀ ਵਿਚ ਹੀ ਰਹਿ ਜਾਉ ਅਤੇ ਆਪਣੀ ਕ੍ਰਿਪਾ ਆਪਣੇ ਸਾਰੇ ਬੱਚਿਆਂ ਤੇ ਕਰੋ"। ਸਵਾਮੀ ਨੇ ਬੜੀ ਅਦਾ ਨਾਲ ਆਪਣੀ ਮਾਤਾ ਦੀ ਇਸ ਨਿਮਰਤਾ ਭਰੀ ਬੇਨਤੀ ਨੂੰ ਸਵੀਕਾਰ ਕਰ ਲਿਆ।

ਕਾਫੀ ਲੰਮੇ ਸਮੇ ਤੱਕ ਸਵਾਮੀ ਕਰਨਮ ਸੁਬੱਮਾਂ ਦੇ ਨਾਲ ਰਹੇ, ਜਿਸਦਾ ਘਰ ਵੱਡਾ ਸੀ ਅਤੇ ਉਨ੍ਹਾਨੂੰ ਦੇਖਣ ਆਉਂਦੇ ਸ਼ਰਧਾਲੂਆਂ ਦੀ ਲਗਾਤਾਰ ਵਧਦੀ ਗਿਣਤੀ ਨੂੰ ਸਮਾਈ ਕਰਣ ਯੋਗ ਸੀ। ਇਸਤੋਂ ਇਲਾਵਾ ਸੁਬੱਮਾਂ ਆਪ ਵੀ ਸਵਾਮੀ ਦੀ ਪੱਕੀ ਸ਼ਰਧਾਲੂ ਸੀ ਅਤੇ ਸਵਾਮੀ ਨੂੰ ਸੱਚੇ ਦਿਲ ਨਾਲ ਪਿਆਰ ਕਰਦੀ ਸੀ। ਜਲਦੀ ਹੀ ਸ਼ਰਧਾਲੂ ਸਭ ਤਰਫੋਂ ਆਉਣ ਲੱਗ ਪਏ।

ਕਦੇ ਕਦੇ ਸਾਰੇ ਹਾਜ਼ਰੀਨ ਨੂੰ ਛਕਾਉਣ ਵਾਸਤੇ ਭੋਜਨ ਪੂਰਾ ਨਹੀਂ ਸੀ ਹੁੰਦਾ। ਉਸ ਸਮੇ ਸੁਬੱਮਾਂ ਸਵਾਮੀ ਦੀ ਮਦਦ ਮੰਗਦੀ ਸੀ।

ਸਵਾਮੀ ਦੋ ਨਾਰੀਅਲ ਲੈ ਕੇ ਰਸੋਈ ਵਿਚ ਜਾਂਦੇ, ਦੋਵਾਂ ਨੂੰ ਇਕ ਦੂਜੇ ਵਿਚ ਮਾਰਕੇ ਤੋੜਦੇ, ਅਤੇ ਭੋਜਨ ਉੱਪਰ ਨਾਰੀਅਲ ਦਾ ਪਾਣੀ ਛਿੜਕ ਦਿੰਦੇ। ਆਪਣੇ ਆਪ ਸਾਰੇ ਹਾਜ਼ਰ ਲੋਕਾਂ ਨੂੰ ਖੁਆਉਣ ਜੋਗਾ ਖਾਣਾ ਹੋ ਜਾਂਦਾ ਸੀ, ਅਤੇ ਕੁਝ ਬਚ ਵੀ ਜਾਂਦਾ ਸੀ।

ਜਿਵੇਂ ਜਿਵੇਂ ਸ਼ਰਧਾਲੂਆਂ ਦੀ ਗਿਣਤੀ ਵਧਦੀ ਗਈ, ਉਨ੍ਹਾ ਨੇ ਸੁਬੱਮਾਂ ਦੇ ਘਰ ਦੇ ਨਾਲ ਇਕ ਭਜਨ ਹਾਲ ਬਣਾਉਣ ਦੀ ਪੇਸ਼ਕਸ਼ ਕੀਤੀ। ਇਕ ਵਾਰ ਜਦੋਂ ਸਵਾਮੀ ਸੁਬੱਮਾਂ ਦੇ ਘਰ ਰਹਿੰਦੇ ਹੁੰਦੇ ਸੀ, ਇਕ ਪੰਡਿਤ ਜਿਸਦਾ ਨਾਮ ਲਕਸ਼ਮਈਆ ਸੀ, ਆਪਣੇ ਦੋਸਤ ਅਤੇ ਉਸਦੀ ਪਤਨੀ, ਜੋ ਕਿ ਦਿਮਾਗੀ ਤੌਰ ਤੇ ਬਿਮਾਰ ਸੀ, ਦੇ ਨਾਲ ਆਇਆ। ਪੰਡਿਤ ਨੇ ਆਪਣੇ ਦੋਸਤ ਅਤੇ ਉਸਦੀ ਪਤਨੀ ਨੂੰ ਚਿੱਤਰਾਵਤੀ ਦਰਿਆ ਦੇ ਕੰਢੇ ਤੇ ਉਡੀਕ ਕਰਨ ਨੂੰ ਛੱਡ ਦਿੱਤਾ।

ਪੰਡਿਤ ਸੁਬੱਮਾਂ ਦੇ ਘਰ ਪਹੁੰਚਿਆ ਅਤੇ ਉਸਦੀ ਮੁਲਾਕਾਤ ਸਵਾਮੀ ਨਾਲ ਹੋਈ। ਬਿਨਾ ਜਾਣੇ ਕਿ ਉਹ ਕੌਣ ਹੈ, ਪੰਡਿਤ ਨੇ ਉਨ੍ਹਾਨੂੰ ਕਿਹਾ, "ਮੈਨੂੰ ਪਤਾ ਲੱਗਾ ਹੈ ਕਿ ਇੱਥੇ ਇਕ ਮੁੰਡਾ ਹੈ ਜੋ ਬਿਮਾਰੀਆਂ ਨੂੰ ਠੀਕ ਕਰਦਾ ਹੈ। ਕੀ ਤੂੰ ਮੈਨੂੰ ਉਸ ਕੋਲ ਲਿਜਾ ਸਕਦਾ ਹੈਂ, ਕਿਉਂਕਿ ਮੈਂ ਆਪਣੇ ਦੋਸਤ ਅਤੇ ਉਸਦੀ ਪਾਗਲ ਪਤਨੀ ਨੂੰ ਨਾਲ ਲੈ ਕੇ ਆਇਆ ਹਾਂ"।

ਸਵਾਮੀ ਨੇ ਪੰਡਿਤ ਨੂੰ ਕਿਹਾ ਕਿ ਉਹ ਜੋੜੇ ਨੂੰ ਉਸ ਕੋਲ ਲੈ ਕੇ ਆਵੇ।ਉਨ੍ਹਾਨੇ ਉਨ੍ਹਾ ਨੂੰ ਨਹਾਉਣ ਲਈ ਕਿਹਾ ਅਤੇ ਬਾਕੀ ਸ਼ਰਧਾਲੂਆਂ ਵਿਚ ਬੈਠਣ ਲਈ ਕਿਹਾ। ਫਿਰ ਸਵਾਮੀ ਨੇ ਸਭਨੂੰ ਪ੍ਰਸਾਦ ਵੰਡਿਆ।ਉਨ੍ਹਾਨੇ ਬ੍ਰਹਮ ਵਿਭੂਤੀ ਸਿਰਜੀ ਅਤੇ ਉਸ ਪਾਗਲ ਔਰਤ ਦੇ ਮੂੰਹ ਵਿਚ ਕੁਝ ਪਾਈ।

ਬਾਦ ਵਿਚ ਉਨ੍ਹਾਨੇ ਕੁਝ ਫਲ ਕੱਟੇ, ਜਿਹੜੇ ਕਿ ਉਹ ਜੋੜਾ ਉਨ੍ਹਾਨੂੰ ਚੜਾਉਣ ਲਈ ਲਿਆਇਆ ਸੀ, ਅਤੇ ਉਨ੍ਹਾ ਨੂੰ ਖਾਣ ਲਈ ਦਿੱਤੇ। ਕੁਝ ਹੀ ਪਲਾਂ ਵਿਚ ਲੋਕਾ ਦੇ ਦੇਖਦੇ ਦੇਖਦੇ ਪਾਗਲ ਔਰਤ ਠੀਕ ਹੋ ਗਈ। ਸਵਾਮੀ ਅੱਗੇ ਸੱਚੀ ਆਸਥਾ ਨਾਲ ਮੱਥਾ ਟੇਕਦੇ ਹੋਏ, ਉਹ ਔਰਤ ਤੇ ਉਸਦਾ ਪਤੀ ਖੁਸ਼ੀ ਖੁਸ਼ੀ ਚਲੇ ਗਏ।

ਜਿਵੇਂ ਜਿਵੇਂ ਕਰਨਮ ਸੁਬੱਮਾਂ ਦੀ ਜ਼ਿੰਦਗੀ ਦਾ ਅੰਤ ਨਜ਼ਦੀਕ ਆ ਰਿਹਾ ਸੀ, ਸਵਾਮੀ ਉਸ ਕੋਲੋਂ ਬਹੁਤ ਦਾਨ ਕਰਵਾਉਂਦੇ। ਇਕ ਦਿਨ ਜਦੋਂ ਸਵਾਮੀ ਬੰਗਲੌਰ ਚਲੇ ਗਿਏ, ਸੁਬੱਮਾਂ ਦੀ ਤਬੀਅਤ ਖਰਾਬ ਹੋ ਗਈ ਪਰ ਉਸਦਾ ਮਨ ਹਮੇਸ਼ਾ ਆਪਣੇ ਪਿਆਰੇ ਸਵਾਮੀ ਵੱਲ ਸੀ। ਇੱਥੋਂ ਤੱਕ ਕਿ ਉਸਦਾ ਮੂੰਹ, ਜਿਸ ਨਾਲ ਉਹ ਸਵਾਮੀ ਦਾ ਸ਼ੁਭ ਨਾਮ ਲੈਂਦੀ ਹੁੰਦੀ ਸੀ, ਚਲਣਾ ਬੰਦ ਹੋ ਗਿਆ। ਉਸਦਾ ਸਾਹ ਰੁਕ ਗਿਆ ਸੀ। ਉਸਨੇ ਆਪਣੇ ਅੰਤਿਮ ਸਾਹ ਸਵਾਮੀ ਦਾ ਨਾਮ ਲੈਂਦਿਆਂ ਲਏ।

ਉਸੇ ਸਮੇ ਸਵਾਮੀ ਪਤਾ ਨਹੀਂ ਕਿੱਥੋਂ ਪ੍ਰਗਟ ਹੋ ਗਏ।ਉਨ੍ਹਾਨੇ ਆਪਣੀ ਪਿਆਰੀ ਆਵਾਜ਼ ਨਾਲ ਉਸਨੂੰ ਬੁਲਾਇਆ, "ਸੁਬੱਮਾਂ! ਸੁਬੱਮਾਂ, ਆਪਣਾ ਮੂੰਹ ਖੋਲ"! ਸੁਬੱਮਾਂ, ਜੋ ਕਿ ਜਿਸਮਾਨੀ ਤੌਰ ਤੇ ਮਰ ਚੁੱਕੀ ਸੀ, ਨੇ ਆਪਣਾ ਮੂੰਹ ਖੋਲਿਆ ਅਤੇ ਉਸਦੇ ਹੱਥ ਸਵਾਮੀ ਦੇ ਪੈਰਾਂ ਨੂੰ ਫੜਣ ਲਈ ਕੰਬਣ ਲਗ ਪਏ।

ਸਵਾਮੀ ਨੇ ਮਿਹਰਬਾਨ ਹੋ ਕੇ ਉਸਦਾ ਹੱਥ ਆਪਣੇ ਹੱਥ ਵਿਚ ਫੜ ਲਿਆ ਅਤੇ ਆਪਣੇ ਸੱਜੇ ਹੱਥ ਨਾਲ ਉਸਦੇ ਮੂੰਹ ਰਾਹੀਂ ਉਸਦੀ ਪਿਆਸੀ ਆਤਮਾ ਨੂੰ ਗੰਗਾ ਜਲ ਪਿਲਾਇਆ। ਸਵਾਮੀ ਦੀ ਸੱਚੀ ਭਗਤ ਸੁਬੱਮਾਂ ਨੇ ਆਪਣਾ ਫ਼ਾਨੀ ਚੋਲਾ ਛੱਡ ਦਿੱਤਾ ਸੀ ਅਤੇ ਉਸਦੀਆਂ ਅੱਖਾਂ ਸਵਾਮੀ ਦੇ ਬ੍ਰਹਮ ਕਮਲ ਵਰਗੇ ਚਿਹਰੇ ਤੇ ਗੱਡੀਆਂ ਹੋਈਆਂ ਸਨ, ਉਹ ਉਸ ਵਿਚ ਸਮਾ ਗਈ ਸੀ।

ਸ਼ਰਧਾਲੂ ਦੀ ਇੱਛਾ ਅਨੁਸਾਰ ਸਵਾਮੀ ਆਪਣੇ ਆਪ ਨੂੰ ਉਸਦੇ ਚੁਣੇ ਹੋਏ ਗੁਰੂ ਦੀ ਸ਼ਕਲ ਵਿਚ ਪ੍ਰਗਟ ਕਰਦੇ ਹਣ। ਕਿਸੇ ਨੂੰ ਉਹ ਭਗਵਾਨ ਗਣੇਸ਼ ਜੀ ਦੀ ਸ਼ਕਲ ਵਿਚ ਦਿਸਦੇ ਹਣ, ਕਿਸੇ ਨੂੰ ਭਗਵਾਨ ਮੁਰੂਗਾ, ਕਿਸੇ ਨੂੰ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ, ਅਤੇ ਕਿਸੇ ਨੂੰ ਯੀਸੂ ਮਸੀਹ – ਉਹ ਸਭ ਨੂੰ ਖੁਸ਼ੀ ਦਿੰਦੇ ਹਣ।

ਇਕ ਵਾਰ ਕ੍ਰਿਸ਼ਨਾਮਾਚਾਰੀ ਨਾਮ ਦਾ ਇਕ ਵਕੀਲ ਪੇਨੂਕੋਂਡਾ ਤੋਂ ਪੁੱਟਾਪਰਤੀ ਆਇਆ, ਜਿਸਦੀ ਇਕੋ ਇਕ ਮੰਸ਼ਾ ਸਵਾਮੀ ਨੂੰ ਇਕ ਧੋਖੇਬਾਜ਼ ਦੇ ਤੌਰ ਤੇ ਦਰਸਾਉਣਾ ਸੀ। ਸਵਾਮੀ ਦੇ ਪਿਤਾ ਉਸਨੂੰ ਸਵਾਮੀ ਕੋਲ ਲੈ ਗਏ। ਸਵਾਮੀ ਉਸ ਵਕੀਲ ਨੂੰ ਇਕ ਕਮਰੇ ਵਿਚ ਲੈ ਗਏ ਅਤੇ ਉਸਨੂੰ ਆਪਣੀਆਂ ਅੱਖਾਂ ਬੰਦ ਰੱਖਣ ਲਈ ਕਿਹਾ। ਜਦੋਂ ਉਹ ਕਮਰੇ ਵਿਚ ਪਹੁੰਚੇ ਤਾਂ ਸਵਾਮੀ ਨੇ ਉਸਨੂੰ ਅੱਖਾਂ ਖੋਲਣ ਲਈ ਕਿਹਾ। ਉਹ ਵਕੀਲ ਇਹ ਦੇਖ ਕੇ ਦੰਗ ਰਹਿ ਗਿਆ ਕਿ ਉੱਥੇ ਸ਼ਿਰਦੀ ਸਾਈ ਬਾਬਾ ਦੀ ਸਮਾਧੀ ਹੈ, ਜਿਸਤੇ ਫੁਲਾਂ ਦਾ ਹਾਰ ਲਪੇਟਿਆ ਹੋਇਆ ਸੀ, ਅਤੇ ਨਾਲ ਹੀ ਇਕ ਪੰਡਿਤ ਹੱਥਾਂ ਵਿਚ ਪੂਜਾ ਅਰਚਨਾ ਦਾ ਸਮਾਨ ਲੈ ਕੇ ਖੜ੍ਹਾ ਹੋਇਆ ਸੀ।

ਸਵਾਮੀ ਨੇ ਉਸ ਵਕੀਲ ਨੂੰ ਦੂਜੇ ਪਾਸੇ ਦੇਖਣ ਲਈ ਕਿਹਾ। ਉੱਥੇ ਉਸਨੇ ਹਨੂਮਾਨ ਮੰਦਿਰ, ਨਿੰਮ ਦਾ ਦਰਖਤ, ਗੁਰੂਸਥਾਨ ਅਤੇ ਸ਼ਿਰਡੀ ਸ਼ਹਿਰ ਦੇ ਹੋਰ ਸਥਾਨ ਦੇਖੇ। ਉਹ ਵਕੀਲ ਸ਼ਿਰਡੀ ਸਾਈ ਬਾਬਾ ਦਾ ਬਹੁਤ ਵੱਡਾ ਭਗਤ ਸੀ। ਜਦੋਂ ਉਸਨੇ ਸ਼ਿਰਡੀ ਸਾਈ ਬਾਬਾ ਦੀ ਸਮਾਧੀ ਦੇ ਦਰਸ਼ਨ ਕੀਤੇ ਤਾਂ ਉਹ ਸਵਾਮੀ ਦੇ ਕਮਲ ਪੈਰਾਂ ਤੇ ਡਿੱਗ ਪਿਆ ਅਤੇ ਉਨ੍ਹਾ ਕੋਲੋਂ ਮਾਫ਼ੀ ਮੰਗਣ ਲੱਗਾ। ਦਇਆ ਮੂਰਤੀ ਸਵਾਮੀ ਨੇ ਉਸਦੀ ਪਿੱਠ ਥਪਥਪਾਈ ਅਤੇ ਉਸੇ ਸਮੇ ਉਸਨੂੰ ਮਾਫ਼ ਕਰ ਦਿੱਤਾ।

ਸਵਾਮੀ ਸਰਬ-ਸ਼ਕਤੀਮਾਨ ਹੈ। ਜੋ ਵੀ ਵਿਅਕਤੀ ਉਨ੍ਹਾਨੂੰ ਕਿਸੇ ਵੀ ਨਾਮ ਨਾਲ ਬੁਲਾਉਂਦਾ ਹੈ, ਉਹ ਉਸਨੂੰ ਜਵਾਬ ਦਿੰਦੇ ਹਨ ਅਤੇ ਆਸ਼ੀਰਵਾਦ ਵੀ ਦਿੰਦੇ ਹਨ ।

ਸ੍ਰੀ ਸੱਤਿਆ ਸਾਈ ਸੱਤਿਆ ਨਾਰਾਇਣ ਕਥਾ
ਦਾ ਤੀਸਰਾ ਅਧਿਆਇ ਮੰਗਲਮਇ ਖਤਮ ਹੁੰਦਾ ਹੈ।
ਸ੍ਰੀ ਸਾਈ ਨੂੰ ਪ੍ਰਣਾਮ। ਸਭਨੂੰ ਸ਼ਾਂਤੀ ਮਿਲੇ!

ਅਧਿਆਇ 4: ਸ਼ਰਧਾਲੂਆਂ ਲਈ ਪਨਾਹਗਾਹ

ਸ੍ਰਮਿਤੀ ਸਕੰਮਾ ਦੇ ਕੋਲ ਬਹੁਤ ਵੱਡਾ ਕੌਫੀ ਦਾ ਬਾਗਾਨ ਸੀ। ਉਹ ਬਹੁਤ ਹੀ ਸਾਤਵਿਕ ਅਤੇ ਬ੍ਰਹਮ ਔਰਤ ਸੀ ਅਤੇ ਬਹੁਤ ਦਾਨ ਪੁੰਨ ਕਰਦੀ ਸੀ, ਗਰੀਬਾਂ ਨੂੰ ਖਾਣਾ ਖੁਆਉਣਾ, ਉਨ੍ਹਾ ਨੂੰ ਕੱਪੜੇ ਦੇਣੇ, ਆਦਿ। ਉਸਦੀ ਇਸ ਸਾਰੀ ਸੇਵਾ ਭਾਵਨਾ ਨੂੰ ਦੇਖਕੇ ਮੈਸੂਰ ਦੇ ਮਹਾਰਾਜਾ ਸਾਹਿਬ ਨੇ ਉਸਨੂੰ "ਧਰਮ ਪਰਾਆਣੀ" ਦਾ ਖਿਤਾਬ ਦਿੱਤਾ ਸੀ।

ਇਕ ਦਿਨ ਸਵੇਰੇ 9:00 ਵਜੇ ਜਦੋਂ ਉਹ ਆਪਣੀ ਪੂਜਾ ਕਰ ਰਹੀ ਸੀ, ਸਕੰਮਾ ਦਾ ਨੌਕਰ ਉਸ ਕੋਲ ਆਇਆ ਅਤੇ ਬੋਲਿਆ ਕਿ ਕੁਝ ਲੋਕ ਗੱਡੀ ਵਿਚ ਆਏ ਹਨ ਅਤੇ ਉਸ ਨਾਲ ਮੁਲਾਕਾਤ ਕਰਨੀ ਚਾਹੁੰਦੇ ਹਨ। ਸਕੰਮਾ ਬਾਹਰ ਆਈ ਅਤੇ ਉਸਨੇ ਦੇਖਿਆ ਕਿ ਇਕ ਪੁਰਾਣੀ ਕਾਰ ਹੈ ਜਿਸਤੇ ਇਕ ਬੋਰਡ ਲੱਗਾ ਹੈ ਜਿਸਤੇ ਲਿਖਿਆ ਸੀ "ਕੈਲਾਸ਼ ਕਮੇਟੀ"। ਅੱਗੇ ਇਕ ਲੜਕਾ ਬੈਠਾ ਸੀ ਜਿਸਦੇ ਸਾਰੇ ਬਾਲ ਬਿਖਰੇ ਹੋਏ ਸਨ। ਪਿੱਛੇ ਇਕ ਬਜ਼ੁਰਗ ਆਦਮੀ ਹਿਰਨ ਦੀ ਖ਼ਲ ਉੱਤੇ ਬੜੀ ਸ਼ਾਨ ਨਾਲ ਬੈਠਾ ਸੀ, ਜਿਸਦੀ ਲੰਮੀ ਦਾੜ੍ਹੀ ਸੀ ਅਤੇ ਉਸਨੇ ਆਪਣੇ ਸਰੀਰ ਅਤੇ ਮੱਥੇ ਤੇ ਪਵਿੱਤਰ ਸੁਆਹ ਮਲੀ ਹੋਈ ਸੀ।

ਸਕੰਮਾ ਨੇ ਬਜ਼ੁਰਗ ਆਦਮੀ ਦਾ ਸਵਾਗਤ ਕੀਤਾ ਉਸਦੀ ਪੂਰੀ ਸ਼ਰਧਾ ਨਾਲ ਪੂਜਾ ਕੀਤੀ, ਉਸਦੇ ਪੈਰ ਧੋਤੇ ਅਤੇ ਉਸਨੂੰ ਫੁੱਲ ਅਤੇ ਫਲ ਭੇਂਟ ਕੀਤੇ। ਬਜ਼ੁਰਗ ਆਦਮੀ ਨੇ ਉਸਨੂੰ ਕਿਹਾ ਕਿ ਉਹ ਇਕ ਹਜ਼ਾਰ ਰੁਪਏ ਦੇ ਕੇ ਕੈਲਾਸ਼ ਕਮੇਟੀ ਦੀ ਮੈਂਬਰ ਬਣ ਜਾਵੇ। ਉਸਨੇ ਖੁਸ਼ੀ ਨਾਲ ਪੈਸੇ ਦੇ ਦਿੱਤੇ ਪਰ ਪੈਸੇ ਅਤੇ ਰਸੀਦ ਉਸਨੂੰ ਵਾਪਸ ਮਿਲ ਗਏ। ਬਜ਼ੁਰਗ ਆਦਮੀ ਨੇ ਉਸਨੂੰ ਕਿਹਾ ਕਿ ਉਹ ਦੁਬਾਰਾ ਅਵੇਗਾ। ਕਾਫੀ ਸਾਲ ਬੀਤ ਗਏ ਪਰ ਕੈਲਾਸ਼ ਕਮੇਟੀ ਦਾ ਕੋਈ ਅਤਾ ਪਤਾ ਨਹੀਂ ਸੀ।

ਇਕ ਦਿਨ ਸਕੰਮਾ ਨੂੰ ਬੰਗਲੌਰ ਜਾਣਾ ਪਿਆ। ਜਦੋਂ ਉਹ ਆਪਣੀ ਇਕ ਦੋਸਤ ਦੇ ਘਰ ਗਈ ਤਾਂ ਉਹ ਉੱਥੇ ਉਸੇ ਬਿੱਖਰੇ ਵਾਲਾਂ ਵਾਲੇ ਲੜਕੇ ਨੂੰ ਦੇਖ ਕੇ ਹੈਰਾਨ ਰਹਿ ਗਈ। ਜਿਵੇਂ ਹੀ ਉਸਨੇ ਉਸ ਲੜਕੇ ਵਲ ਦੇਖਿਆ, ਉਸਨੇ ਆਪਣੇ ਆਪ ਨੂੰ ਬਜ਼ੁਰਗ ਆਦਮੀ ਵਿਚ ਬਦਲ ਲਿਆ ਅਤੇ ਫਿਰ ਵਾਪਿਸ ਲੜਕੇ ਵਿਚ ਬਦਲ ਗਿਆ। ਸਕੰਮਾ ਦੰਗ ਰਹਿ ਗਈ। ਉਹ ਲੜਕੇ ਦੇ ਕੋਲ ਗਈ ਅਤੇ ਉਸਨੂੰ ਪੁੱਛਿਆ, "ਕੀ ਤੂੰ ਉਹੀ ਨਹੀਂ ਜੋ ਮੇਰੇ ਕੋਲ ਕੈਲਾਸ਼ ਕਮੇਟੀ ਬਣਕੇ ਆਇਆ ਸੀ"?

ਲੜਕੇ ਨੇ ਜਵਾਬ ਦਿੱਤਾ, "ਕਾਫੀ ਸਾਲ ਪਹਿਲਾਂ ਤੁਸੀਂ ਇਕ ਹਜ਼ਾਰ ਰੁਪਏ ਦੇਣੇ ਸਨ, ਜੋ ਤੁਸੀਂ ਨਹੀਂ ਦਿੱਤੇ। ਇਸਲਈ ਮੈਂ ਉਹ ਪੈਸੇ ਲੈਣ ਲਈ ਤੁਹਾਡੇ ਕੋਲ ਆਇਆ ਸੀ"। ਸਕੰਮਾ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। ਉਸਨੇ ਸਵਾਮੀ ਨੂੰ ਪ੍ਰਣਾਮ ਕੀਤਾ ਅਤੇ ਉਨ੍ਹਾਦਾ ਆਸ਼ਿਰਵਾਦ ਲਿਆ।

ਇਕ ਦਿਨ ਦੁਪਹਿਰ ਨੂੰ ਸਵਾਮੀ ਆਪਣੇ ਕੁਝ ਸ਼ਰਧਾਲੂਆਂ ਨਾਲ ਗੱਲ ਕਰ ਰਿਹੇ ਸੀ, ਉਹ ਇਕਦਮ ਚਿੱਲਾਏ, "ਗੋਲੀ ਨਾ ਚਲਾਉ! ਗੋਲੀ ਨਾ ਚਲਾਉ!" ਉਹ ਡਿੱਗ ਪਏ ਅਤੇ ਬੇਹੋਸ਼ ਹੋ ਗਏ ।

ਕਰੀਬ ਇਕ ਘੰਟੇ ਬਾਦ ਸਵਾਮੀ ਉੱਠੇ ਅਤੇ ਸ਼ਰਧਾਲੂਆਂ ਨੂੰ ਇਕ ਟੈਲੀਗ੍ਰਾਮ ਕਰਨ ਲਈ ਕਿਹਾ ਕਿ, "ਤੇਰਾ ਰਿਵਾਲਵਰ ਮੇਰੇ ਕੋਲ ਹੈ। ਫਿਕਰ ਨਾ ਕਰ"।

ਕਿਸੇ ਨੇ ਸਵਾਮੀ ਨੂੰ ਕਿਹਾ ਕਿ 'ਰਿਵਾਲਵਰ' ਸ਼ਬਦ ਦੀ ਵਰਤੋਂ ਨਾ ਕੀਤੀ ਜਾਵੇ ਕਿਉਂਕਿ ਇਸ ਨਾਲ ਡਾਕਘਰ ਅਧਿਕਾਰੀਆਂ ਨੂੰ ਇਤਰਾਜ਼ ਹੋ ਸਕਦਾ ਹੈ। ਇਸਲਈ ਉਸਦੀ ਜਗ੍ਹਾ ਸ਼ਬਦ 'ਉਪਕਰਨ' ਲਿਖਿਆ ਗਿਆ ਅਤੇ ਟੈਲੀਗ੍ਰਾਮ ਭੇਜ ਦਿੱਤੀ ਗਈ। ਸਾਰੇ ਹੈਰਾਨ ਸਨ ਅਤੇ ਉਨ੍ਹਾ ਸਵਾਮੀ ਨੂੰ ਇਸ ਅਚਾਨਕ ਘਟਨਾ ਬਾਰੇ ਪੁੱਛਿਆ। ਸਵਾਮੀ ਨੇ ਕਿਹਾ ਕਿ ਉਨ੍ਹਾ ਨੂੰ ਜਲਦ ਹੀ ਪਤਾ ਲਗ ਜਾਵੇਗਾ।

ਚਾਰ ਦਿਨ ਬਾਦ ਭੋਪਾਲ ਤੋਂ ਇਕ ਚਿੱਠੀ ਆਈ ਜਿਹੜੀ ਕਿ ਇਕ ਫੌਜ ਦੇ ਅਫ਼ਸਰ ਵਲੋਂ ਲਿਖੀ ਹੋਈ ਸੀ। ਕੁਝ ਹਾਲਾਤ ਕਰਕੇ ਉਹ ਅਫ਼ਸਰ ਪ੍ਰੇਸ਼ਾਨ ਸੀ ਅਤੇ ਉਸਨੇ ਆਪਣੇ ਆਪ ਨੂੰ ਗੋਲੀ ਮਾਰਨ ਦਾ ਨਿਰਣਾ ਲਿਆ। ਉਸਨੇ ਰਿਵਾਲਵਰ ਨੂੰ ਟੈਸਟ ਕਰਨ ਲਈ ਇਕ ਗੋਲੀ ਹਵਾ ਵਿਚ ਚਲਾਈ। ਉਸੇ ਸਮੇ ਇੰਡੀਆ ਦੇ ਦੂਸਰੇ ਕੋਨੇ ਤੋਂ ਸਵਾਮੀ ਚਿੱਲਾਏ ਸੀ, "ਗੋਲੀ ਨਾ ਚਲਾਉ! ਗੋਲੀ ਨਾ ਚਲਾਉ!"

ਉਸੇ ਸਮੇ ਕਿਸੇ ਨੇ ਅਫ਼ਸਰ ਦਾ ਦਰਵਾਜ਼ਾ ਖੜਕਾਇਆ। ਅਫ਼ਸਰ ਨੇ ਤੁਰੰਤ ਆਪਣਾ ਰਿਵਾਲਵਰ ਲੁਕਾ ਲਿਆ ਅਤੇ ਦਰਵਾਜ਼ਾ ਖੋਲਿਆ। ਇਕ ਪੁਰਾਣਾ ਸਹਿਪਾਠੀ ਆਪਣੀ ਪਤਨੀ ਅਤੇ ਨੌਕਰ ਨਾਲ ਉਸਨੂੰ ਮਿਲਣ ਆਇਆ ਸੀ। ਅਫ਼ਸਰ ਨੇ ਉਨ੍ਹਾ ਨੂੰ ਅੰਦਰ ਬੁਲਾਇਆ। ਕੁਝ ਸਮੇ ਬਾਦ ਉਨ੍ਹਾ ਨੇ ਇਕ ਪੜੋਸੀ ਵਲ ਜਾਣ ਦਾ ਸੋਚਿਆ ਜਿਹੜਾ ਉਨ੍ਹਾ ਦਾ ਦੋਸਤ ਸੀ। ਉਨ੍ਹਾ ਦੇ ਜਾਣ ਤੋਂ ਬਾਦ ਦਰਵਾਜ਼ੇ ਦੀ ਕੁੰਡੀ ਲਗਾਕੇ ਅਫ਼ਸਰ ਨੇ ਆਪਣਾ ਰਿਵਾਲਵਰ ਲੱਭਿਆ ਪਰ ਉਸਨੂੰ ਨਹੀਂ ਮਿਲਿਆ। ਇਕ ਵਾਰ ਫਿਰ ਕਿਸੇ ਨੇ ਉਸਦਾ ਦਰਵਾਜ਼ਾ ਖੜਕਾਇਆ। ਉਸਨੇ ਦਰਵਾਜ਼ਾ ਖੋਲਿਆ ਅਤੇ ਡਾਕੀਏ ਨੇ ਉਸਨੂੰ ਇਕ ਟੈਲੀਗ੍ਰਾਮ ਦਿੱਤੀ ਜਿਸ ਵਿਚ ਲਿਖਿਆ ਸੀ, """ਤੇਰਾ ਉਪਕਰਨ ਮੇਰੇ ਕੋਲ ਹੈ। ਫਿਕਰ ਨਾ ਕਰ"। ਭੇਜਣ ਵਾਲਾ: "ਬਾਬਾ"।

ਸਾਡਾ ਸਵਾਮੀ ਕਦੇ ਵੀ ਆਪਣੇ ਭਗਤ ਨੂੰ ਨਹੀਂ ਵਿਸਾਰਦਾ ਅਤੇ ਨਾ ਹੀ ਉਸਦੀਆਂ ਉਮੀਦਾਂ ਤੇ ਪਾਣੀ ਫੇਰਦਾ ਹੈ। ਕਿਸੇ ਨੂੰ ਬਸ ਇਕ ਵਾਰ ਯਾਦ ਹੀ ਕਰਨਾ ਹੁੰਦਾ ਹੈ ਤੇ ਉਹ ਉਸੇ ਸਮੇ ਆਪਣੀਆਂ ਸੱਚ, ਉਚਿਤ ਕਰਮ, ਸ਼ਾਂਤੀ ਅਤੇ ਪਿਆਰ ਦੀਆਂ ਚਾਰ ਬਾਹਾਂ ਨਾਲ ਉਸਦੀ ਮਦਦ ਲਈ ਭੱਜ ਕੇ ਬਹੁੜਦੇ ਹਨ। ਉਸਦੀ ਮਹਿਮਾ ਸ਼ਬਦਾਂ ਵਿਚ ਬਿਆਨ ਨਹੀਂ ਹੋ ਸਕਦੀ। ਉਪਰੋਕਤ ਘਟਨਾ ਵਿਚ ਉਸ ਅਫ਼ਸਰ ਦੀ ਪਤਨੀ ਸਵਾਮੀ ਦੀ ਪੱਕੀ ਸ਼ਰਧਾਲੂ ਸੀ।

ਸ੍ਰੀ ਸੱਤਿਆ ਸਾਈ ਸੱਤਿਆ ਨਾਰਾਇਣ ਕਥਾ
ਦਾ ਚੌਥਾ ਅਧਿਆਇ ਮੰਗਲਮਇ ਖਤਮ ਹੁੰਦਾ ਹੈ।
ਸ੍ਰੀ ਸਾਈ ਨੂੰ ਪ੍ਰਣਾਮ। ਸਭਨੂੰ ਸ਼ਾਂਤੀ ਮਿਲੇ!

ਅਧਿਆਇ 5: ਬਖ਼ਸ਼ਣਹਾਰ ਸਵਾਮੀ

ਇਕ ਦਿਨ ਸਵਾਮੀ ਬੰਗਲੌਰ ਕਿਸੇ ਦੇ ਘਰ ਗਏ। ਕਾਫੀ ਲੋਕ ਉਨ੍ਹਾਦੇ ਦਰਸ਼ਨਾਂ ਨੂੰ ਇਕੱਠੇ ਹੋਏ ਸਨ। ਉਨ੍ਹਾ ਵਿਚੋਂ ਕੁਝ ਸਵਾਮੀ ਨੂੰ ਅਰਪਿਤ ਕਰਨ ਲਈ ਫੁੱਲ ਅਤੇ ਫਲ ਲੈ ਕੇ ਆਏ ਸਨ। ਬਾਕੀ ਸਵਾਮੀ ਦੇ ਚਮਤਕਾਰਾਂ ਅਤੇ ਮਿਹਰਾਂ ਦੀ ਗੱਲ ਕਰ ਰਹੇ ਸਨ।

ਇਕ ਗਰੀਬ ਮੋਚੀ ਉਨ੍ਹਾ ਦੀਆਂ ਗੱਲਾਂ ਸੁਣ ਰਿਹਾ ਸੀ।ਅਚਾਨਕ ਉਸਦੇ ਮਨ ਵਿਚ ਇਕ ਸੁੰਦਰ ਖਿਆਲ ਆਇਆ। ਉਹ ਇਸ ਅਵਤਾਰ ਦੇ ਦਰਸ਼ਨ ਕਰਨਾ ਚਾਹੁੰਦਾ ਸੀ। ਉਸਨੇ ਬੜੇ ਪਿਆਰ ਨਾਲ ਬਾਗ ਵਿੱਚੋਂ ਇਕ ਗੁਲਾਬ ਤੋੜਿਆ ਅਤੇ ਭੀੜ ਵਿੱਚੋਂ ਫਸਦਾ ਫਸਾਉਂਦਾ ਹੌਲੀ ਹੌਲੀ ਜਿੱਥੇ ਸਵਾਮੀ ਬੈਠੇ ਸੀ ਉੱਧਰ ਚਲਦਾ ਗਿਆ। ਉਸਨੇ ਅੰਦਰ ਝਾਤੀ ਮਾਰੀ ਅਤੇ ਉਸੇ ਸਮੇ ਸਵਾਮੀ ਨੇ ਵੀ ਬਾਹਰ ਝਾਤੀ ਮਾਰੀ। ਉਨ੍ਹਾ ਦੀਆਂ ਅੱਖਾਂ ਮਿਲੀਆਂ ਅਤੇ ਉਸੇ ਪਲ ਉਸ ਮੋਚੀ ਦੇ ਅੰਦਰ ਸਵਾਮੀ ਪ੍ਰਤੀ ਇਕ ਅਰੁਕ ਪਿਆਰ ਡੁੱਲ ਪਿਆ।

ਸਵਾਮੀ ਨੇ ਪਿਆਰ ਨਾਲ ਉਸਨੂੰ ਕੋਲ ਬੁਲਾਉਣ ਲਈ ਬੁਲਾਵਾ ਭੇਜਿਆ। ਮੋਚੀ ਉਨ੍ਹਾਦੇ ਕੋਲ ਗਿਆ ਤੇ ਉਨ੍ਹਾਨੂੰ ਗੁਲਾਬ ਭੇਂਟ ਕੀਤਾ। ਸਵਾਮੀ ਨੇ ਬੜੇ ਪ੍ਰੇਮ ਨਾਲ ਗੁਲਾਬ ਲੈ ਲਿਆ ਅਤੇ ਮੋਚੀ ਨੂੰ ਉਸਦੀ ਮਾਤ ਭਾਸ਼ਾ ਤਮਿਲ ਵਿਚ ਪੁੱਛਿਆ, "ਮੇਰੇ ਪਿਆਰੇ, ਤੂੰ ਕੀ ਚਾਹੁੰਦਾ ਹੈਂ"? ਮੋਚੀ ਇਸ ਸਵਾਲ ਵਾਸਤੇ ਤਿਆਰ ਨਹੀਂ ਸੀ। ਉਸਨੇ ਜਵਾਬ ਦਿੱਤਾ, "ਸਵਾਮੀ, ਕ੍ਰਿਪਾ ਕਰਕੇ ਮੇਰੀ ਝੌਂਪੜੀ ਵਿਚ ਚਰਨ ਪਾਉ"। ਸਵਾਮੀ ਨੇ ਕਿਹਾ, "ਮੈਂ ਜ਼ਰੂਰ ਆਵਾਂਗਾ"।

ਮੋਚੀ ਦੀਆਂ ਅੱਖਾਂ ਵਿਚੋਂ ਖੁਸ਼ੀ ਦੇ ਹੰਝੂ ਵਗ ਤੁਰੇ। ਪ੍ਰੇਮ ਭਗਤੀ ਵਿਚ ਉਹ ਸਵਾਮੀ ਦੇ ਕਮਲ ਪੈਰਾਂ ਤੇ ਡਿੱਗ ਪਿਆ। ਆਪਣੀ ਉਤੇਜਨਾ ਵਿਚ ਉਹ ਇਹ ਪੁੱਛਣਾ ਭੁੱਲ ਹੀ ਗਿਆ ਕਿ ਸਵਾਮੀ ਉਸਦੀ ਝੌਂਪੜੀ ਵਿਚ ਕਦੋਂ ਪਧਾਰਨਗੇ। ਸਵਾਮੀ ਦੇ ਘਰੋਂ ਨਿਕਲਣ ਤੋਂ ਬਾਦ ਇਹ ਸਾਰੇ ਸਵਾਲ ਉਸ ਮੋਚੀ ਦੇ ਮਨ ਵਿਚ ਆਏ। ਕਈ ਦਿਨ ਲੰਘ ਗਏ ਪਰ ਪ੍ਰਭੂ ਦੇ ਮੋਚੀ ਦੀ ਝੌਂਪੜੀ ਵਿਚ ਆਉਣ ਦਾ ਕੋਈ ਸੰਕੇਤ ਨਜ਼ਰ ਨਹੀਂ ਸੀ ਆ ਰਿਹਾ।

ਇਕ ਦਿਨ ਮੋਚੀ ਟੁੱਟੀਆਂ ਹੋਈਆਂ ਚੱਪਲਾਂ ਸਿਊਂ ਰਿਹਾ ਸੀ ਕਿ ਸੜਕ ਤੇ ਇਕ ਕਾਰ ਉਸਦੇ ਸਾਹਮਣੇ ਆ ਕੇ ਰੁਕੀ। ਮੋਚੀ ਨੂੰ ਲੱਗਿਆ ਕਿ ਇਹ ਪੁਲਿਸ ਦੀ ਗੱਡੀ ਹੈ, ਇਸ ਲਈ ਉਹ ਜਲਦੀ ਜਲਦੀ ਆਪਣੀਆਂ ਚੀਜਾਂ ਇਕੱਠੀਆਂ ਕਰਕੇ ਭੱਜਣ ਦੀ ਤਿਆਰੀ ਕਰਨ ਲੱਗਾ। ਉਸਨੂੰ ਲੱਗਾ ਕਿ ਪੁਲਿਸ ਵਾਲੇ ਉਸਨੂੰ ਭਜਾਉਣ ਲਈ ਆਏ ਹਨ। ਗੱਡੀ ਵਿਚੋਂ ਸਵਾਮੀ ਉਤਰੇ ਤੇ ਉਨ੍ਹਾਨੇ ਮੋਚੀ ਨੂੰ ਕਿਹਾ ਕਿ ਡਰਨ ਦੀ ਕੋਈ ਲੋੜ ਨਹੀਂ ਹੈ। ਬਲਕਿ ਉਨ੍ਹਾਨੇ ਉਸਨੂੰ ਕਾਰ ਵਿਚ ਨਾਲ ਬਿਠਾ ਲਿਆ। ਮੋਚੀ ਹੱਕਾ ਬੱਕਾ ਰਹਿ ਗਿਆ ਤੇ ਉਹ ਕੁਝ ਬੋਲ ਵੀ ਨਾ ਸਕਿਆ। ਉਨ੍ਹਾ ਦੋਵਾਂ ਨੂੰ ਬਿਠਾ ਕੇ ਕਾਰ ਤੇਜ਼ ਚੱਲਣ ਲੱਗੀ। ਸਵਾਮੀ ਨੇ ਗੱਡੀ ਦੇ ਚਾਲਕ ਨੂੰ ਸਿੱਧਾ ਮੋਚੀ ਦੀ ਝੌਂਪੜੀ ਦਾ ਰਸਤਾ ਦਸਿਆ ।

ਮੋਚੀ ਕਾਰ ਵਿਚੋਂ ਬਾਹਰ ਨਿਕਲਿਆ ਤੇ ਅੰਦਰ ਚਲਾ ਗਿਆ। ਉਸਨੇ ਆਪਣੀ ਪਤਨੀ ਨੂੰ ਗੱਦਾ ਵਿਛਾਉਣ ਲਈ ਕਿਹਾ ਤੇ ਆਪ ਤੇਜ਼ੀ ਨਾਲ ਬਾਹਰ ਸਵਾਮੀ ਨੂੰ ਜੀ ਆਇਆਂ ਨੂੰ ਕਰਨ ਗਿਆ। ਮੋਚੀ ਨੂੰ ਯਾਦ ਆਇਆ ਕਿ ਸਵਾਮੀ ਨੂੰ ਭੇਂਟ ਕਰਨ ਲਈ ਘਰ ਵਿਚ ਤਾਂ ਕੁਝ ਵੀ ਨਹੀਂ ਹੈ। ਉਹ ਬੜੀ ਦੁਬਿਧਾ ਵਿਚ ਸੀ ਅਤੇ ਇਸੇ ਸ਼ਸ਼ੋਪੰਜ ਵਿਚ ਆਪਣੇ ਹੱਥ ਮਲ ਰਿਹਾ ਸੀ।

ਉਸਦੀ ਹਾਲਤ ਦੇਖਦਿਆਂ ਸਵਾਮੀ ਨੇ ਉਸਨੂੰ ਫਿਕਰ ਨਾ ਕਰਨ ਲਈ ਕਿਹਾ। ਸਵਾਮੀ ਨੇ ਉਸਨੂੰ ਕਿਹਾ ਕਿ ਉਹ ਉਸਨੂੰ ਕੁਝ ਦੇਣ ਲਈ ਆਏ ਹਨ ਅਤੇ ਪਿਆਰ ਤੋਂ ਸਿਵਾ ਉਨ੍ਹਾਨੂੰ ਉਸ ਕੋਲੋਂ ਹੋਰ ਕੁਝ ਨਹੀਂ ਚਾਹੀਦਾ। ਆਪਣੇ ਹੱਥ ਦੇ ਇਸ਼ਾਰੇ ਨਾਲ ਸਵਾਮੀ ਨੇ ਮਿਠਾਈਆਂ ਅਤੇ ਫਲ ਪੈਦਾ ਕਰ ਦਿੱਤੇ ਅਤੇ ਸਾਰੇ ਲੋਕਾਂ ਵਿਚ ਵੰਡੇ। ਫਿਰ ਉਨ੍ਹਾਨੇ ਪਵਿੱਤਰ ਵਿਭੂਤੀ ਸਿਰਜ ਕੇ ਮੋਚੀ ਦੇ ਮੱਥੇ ਤੇ ਲਗਾਈ।

ਜਾਣ ਤੋਂ ਪਹਿਲਾਂ ਸਵਾਮੀ ਨੇ ਕਿਹਾ, "ਮੈਂ ਹੁਣ ਜਾਵਾਂਗਾ। ਤੂੰ ਕੋਈ ਫਿਕਰ ਨਾ ਕਰ। ਮੈਂ ਹਮੇਸ਼ਾਂ ਤੇਰੇ ਨਾਲ ਹਾਂ। ਇਸਤੋਂ ਪਹਿਲਾਂ ਕਿ ਮੋਚੀ ਕੁਝ ਕਹਿ ਪਾਉਂਦਾ, ਸਵਾਮੀ ਕਾਰ ਵਿਚ ਬੈਠਕੇ ਚਲੇ ਗਏ। ਸਵਾਮੀ ਨੇ ਇਕ ਨਿਮਾਣੇ ਜਿਹੇ ਮੋਚੀ ਦੀ ਝੌਂਪੜੀ ਨੂੰ ਇਕ ਮੰਦਿਰ ਵਿਚ ਬਦਲ ਦਿੱਤਾ ਸੀ।

ਇਕ ਦਿਨ ਸਵਾਮੀ ਜਦੋਂ ਤ੍ਰਿਚਨਾਪਲੀ ਗਏ ਹੋਏ ਸੀ, ਉੱਥੇ ਦੇ ਕੁਝ ਲੋਕਾਂ ਨੇ ਸਵਾਮੀ ਬਾਰੇ ਗਲਤ ਅਫ਼ਵਾਹਾਂ ਫੈਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸ ਸ਼ਾਮ ਸਵਾਮੀ ਇਕ ਇਕੱਠ ਨੂੰ ਸੰਬੋਧਨ ਕਰ ਰਹੇ ਸੀ, ਤਾਂ ਉਨ੍ਹਾਨੇ ਇਕ ਗੂੰਗੇ ਭਿਖਾਰੀ ਲੜਕੇ ਨੂੰ ਕੋਲ ਬੁਲਾਇਆ ਜਿਸਨੂੰ ਸਭ ਜਾਣਦੇ ਸਨ। ਸਵਾਮੀ ਨੇ ਉਸ ਲੜਕੇ ਨੂੰ ਮੰਚ ਤੇ ਬੁਲਾਇਆ ਅਤੇ ਸਾਰਿਆਂ ਸਾਹਮਣੇ ਉਸਨੂੰ ਉਸਦਾ ਨਾਮ ਪੁੱਛਿਆ। ਲੜਕਾ, ਜੋ ਜਨਮ ਤੋਂ ਹੀ ਗੂੰਗਾ ਸੀ, ਉੱਚੀ ਆਵਾਜ਼ ਵਿਚ ਬੋਲਿਆ, "ਵੈਂਕਟਨਾਰਾਇਣ"। ਜਿਨ੍ਹਾ ਲੋਕਾਂ ਨੇ ਸਵਾਮੀ ਬਾਰੇ ਗਲਤ ਅਫ਼ਵਾਹਾਂ ਫੈਲਾਈਆਂ ਸੀ, ਉਨ੍ਹਾ ਦੇ ਸਿਰ ਸ਼ਰਮ ਨਾਲ ਝੁਕ ਗਏ। ਸਵਾਮੀ ਦੀ ਮਹਿਮਾ ਅਪ੍ਰੰਪਾਰ ਹੈ।

ਇਕ ਵਾਰ ਤੀਰੂਵੰਨਾਮਲਈ ਵਿਖੇ ਸਵਾਮੀ ਨੇ ਸਵਾਮੀ ਅੰਮ੍ਰਿਤਾਨੰਦ ਲਈ ਇਕ ਦਵਾਈ ਬਣਾਈ ਜਿਸ ਨਾਲ ਉਸਦੀ ਬਹੁਤ ਪੁਰਾਣੀ ਬਿਮਾਰੀ ਠੀਕ ਹੋ ਗਈ। ਇਕ ਹੋਰ ਸਮੇ ਸਵਾਮੀ ਨੇ ਡਾਕਟਰ ਭਗਵੰਤਮ ਦੇ ਬੇਟੇ ਦਾ ਉਪਰੇਸ਼ਨ ਖੁਦ ਕੀਤਾ।ਉਨ੍ਹਾਨੇ ਇਕ ਔਜ਼ਾਰ ਵੀ ਬਣਾਇਆ ਜੋ ਅੱਜ ਵੀ ਡਾਕਟਰ ਭਗਵੰਤਮ ਦੇ ਕੋਲ ਮੌਜੂਦ ਹੈ।

ਡਾਕਟਰ ਸ਼ੰਕਰ ਵੀ ਸਵਾਮੀ ਦਾ ਇਕ ਹੋਰ ਪੱਕਾ ਸ਼ਰਧਾਲੂ ਹੈ। ਕਾਫੀ ਵਾਰੀ ਸਵਾਮੀ ਨੇ ਡਾਕਟਰ ਸ਼ੰਕਰ ਦੇ ਸ਼ਰੀਰ ਵਿਚ ਪ੍ਰਵੇਸ਼ ਕਰਕੇ ਕਈ ਜਟਿਲ ਉਪਰੇਸ਼ਨ ਬੜੀ ਸਫਲਤਾ ਨਾਲ ਕੀਤੇ ਹਨ।

ਸਵਾਮੀ ਕਰੁਨਿਆਨੰਦ ਦਾ ਆਂਧਰਾ ਪ੍ਰਦੇਸ਼ ਵਿਚ ਇਕ ਆਸ਼ਰਮ ਸੀ। ਉਸਨੇ ਆਸ਼ਰਮ ਦੇ ਹਸਪਤਾਲ ਵਿਚ ਸਵਾਮੀ ਦੀਆਂ ਕੁਝ ਤਸਵੀਰਾਂ ਲਗਾਈਆਂ ਸਨ। ਇਕ ਵਾਰ ਇਕ ਗਰਭਵਤੀ ਮਹਿਲਾ ਹਸਪਤਾਲ ਵਿਚ ਮਦਦ ਲਈ ਆਈ। ਸਵਾਮੀ ਜੀ ਨੇ ਉਸਨੂੰ ਆਸ਼ਰਮ ਦੇ ਹਸਪਤਾਲ ਵਿਚ ਭਰਤੀ ਕਰ ਲਿਆ। ਇਕ ਰਾਤ ਦਾਈਆਂ ਉਸ ਗਰਭਵਤੀ ਮਹਿਲਾ ਨੂੰ ਇਕੱਲੀ ਛੱਡ ਕੇ ਦੇਰ ਰਾਤ ਦਾ ਫਿਲਮ ਦਾ ਸ਼ੋਅ ਦੇਖਣ ਲਈ ਚਲੀਆਂ ਗਈਆਂ। ਉਸੇ ਰਾਤ ਉਸ ਬੇਚਾਰੀ ਔਰਤ ਨੂੰ ਅਸਹਿ ਪ੍ਰਸੂਤੀ ਪੀੜਾ ਸ਼ੁਰੂ ਹੋ ਗਈ। ਉਸਨੂੰ ਬੇਸਹਾਰਾ ਅਤੇ ਤੜਫਦੀ ਹੋਈ ਨੂੰ ਦੇਖਕੇ ਸਵਾਮੀ ਤਸਵੀਰ ਵਿਚੋਂ ਨਿਕਲ ਕੇ ਆਏ।ਉਨ੍ਹਾਨੇ ਉਸ ਔਰਤ ਦਾ ਇਲਾਜ ਕੀਤਾ ਅਤੇ ਬੱਚਾ ਜੰਮਣ ਵਿਚ ਉਸਦੀ ਮਦਦ ਕੀਤੀ। ਸਾਈ ਮਾਤਾ ਨੇ ਨਵਜੰਮੇ ਬੱਚੇ ਨੂੰ ਸਾਫ ਵੀ ਕੀਤਾ ਅਤੇ ਸਹਿਜੇ ਜਿਹੇ ਉਸਨੂੰ ਉਸਦੀ ਮਾਂ ਕੋਲ ਰੱਖ ਦਿੱਤਾ।

ਜਦੋਂ ਦਾਈਆਂ ਵਾਪਸ ਆਈਆਂ ਉਹ ਇਹ ਦੇਖ ਕੇ ਹੈਰਾਨ ਰਹਿ ਗਈਆਂ ਕਿ ਕਿਸੇ ਹੋਰ ਨੇ ਉਨ੍ਹਾ ਦਾ ਸਾਰਾ ਕੰਮ ਕਰ ਦਿੱਤਾ ਹੈ। ਜਦੋਂ ਉਨ੍ਹਾ ਨੇ ਔਰਤ ਨੂੰ ਪੁੱਛਿਆ ਤਾਂ ਉਸਨੇ ਸਵਾਮੀ ਦੀ ਤਸਵੀਰ ਵੱਲ ਇਸ਼ਾਰਾ ਕੀਤਾ ਅਤੇ ਦੱਸਿਆ ਕਿ ਸਾਧੂ ਮਾਤਾ ਉਸਦੀ ਮਦਦ ਲਈ ਆਈ ਸੀ। ਉਸਨੂੰ ਪਤਾ ਨਹੀਂ ਸੀ ਕਿ ਸਾਧੂ ਮਾਤਾ ਅਸਲ ਵਿਚ ਭਗਵਾਨ ਨਾਰਾਇਣ ਆਪ ਸਨ!

ਸ੍ਰੀ ਸੱਤਿਆ ਨਾਰਾਇਣ ਨੇ ਫਿਰ ਜਨਮ ਲਿਆ ਹੈ ਅਤੇ ਉਹ ਸਾਡੀ ਸਭ ਦੀ ਰਾਖੀ ਕਰਦੇ ਹਨ। ਜੋ ਵੀ ਉਨ੍ਹਾ ਵਿਚ ਵਿਸ਼ਵਾਸ ਕਰਦਾ ਹੈ ਉਹ ਉਸਦੀ ਰਾਖੀ ਜ਼ਰੂਰ ਕਰਦੇ ਹਨ। ਪਿਛਲੇ ਕਈ ਜਨਮਾਂ ਦੇ ਅੱਛੇ ਕਰਮਾਂ ਦੇ ਫਲਸਰੂਪ ਇਹ ਸਾਡੀ ਬਹੁਤ ਚੰਗੀ ਕਿਸਮਤ ਹੈ ਕਿ ਅਸੀਂ ਭਗਵਾਨ ਦੇ ਦਰਸ਼ਨ, ਸਪਰਸ਼ਨ ਅਤੇ ਸੰਭਾਸ਼ਨ ਕਰ ਰਹੇ ਹਾਂ।

ਸਵਾਮੀ ਦਾ ਸੁਭਾਅ ਹੀ ਪਿਆਰ ਹੈ। ਜੋ ਧਰਮ ਅਤੇ ਭਗਤੀ ਦੇ ਰਾਹ ਤੇ ਚੱਲਦੇ ਹਨ ਉਹ ਉਨ੍ਹਾ ਦੀ ਰਾਖੀ ਕਰਦੇ ਹਨ। ਕੋਈ ਉਨ੍ਹਾਨੂੰ ਈਸ਼ਵਰ ਕਹਿੰਦਾ ਹੈ, ਕੋਈ ਮਹਾਂਵਿਸ਼ਨੂੰ, ਕੋਈ ਪਿਤਾ ਅਤੇ ਕੋਈ ਅੱਲਾਹ ਕਹਿੰਦਾ ਹੈ।

ਇਸੇ ਤਰਾਂ ਭਗਵਾਨ ਸ੍ਰੀ ਸੱਤਿਆ ਸਾਈ ਭਗਵਾਨ ਦੇ ਕਈ ਰੂਪ ਗ੍ਰਹਿਣ ਕਰਦੇ ਹਨ ਕਿਉਂਕਿ ਸਭ ਰੂਪ ਅਤੇ ਨਾਮ ਉਨ੍ਹਾ ਦੇ ਹੀ ਹਨ। ਉਹ ਆਪਣੇ ਸ਼ਰਧਾਲੂਆਂ ਤੇ ਕ੍ਰਿਪਾ ਕਰਦੇ ਨੇ ਅਤੇ ਉਨ੍ਹਾ ਦੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ । ਉਹ ਕਹਿੰਦੇ ਨੇ ਕਿ ਮਨੁੱਖੀ ਕਦਰਾਂ ਕੀਮਤਾਂ ਹੀ ਸਾਡੀ ਜ਼ਿੰਦਗੀ ਦਾ ਆਧਾਰ ਸਰੂਪ ਹਨ। ਸੱਚ, ਧਰਮ, ਸ਼ਾਂਤੀ ਅਤੇ ਪ੍ਰੇਮ ਤੋਂ ਬਿਨਾ ਪੜ੍ਹਾਈ ਵਿਅਰਥ ਹੈ।ਸੱਚ, ਧਰਮ, ਸ਼ਾਂਤੀ ਅਤੇ ਪ੍ਰੇਮ ਤੋਂ ਬਿਨਾ ਦਾਨ ਪੁੰਨ ਅਤੇ ਭੇਂਟ ਦਾ ਕੋਈ ਮਾਇਨਾ ਨਹੀਂ ਹੈ।ਸੱਚ, ਧਰਮ, ਸ਼ਾਂਤੀ ਅਤੇ ਪ੍ਰੇਮ ਤੋਂ ਬਿਨਾ ਧਾਰਮਿਕ, ਪਵਿੱਤਰ ਕਾਰਜਾਂ ਦੀ ਕੋਈ ਅਹਿਮੀਅਤ ਨਹੀਂ।

ਅਟੱਲ ਮਨੁੱਖੀ ਕਦਰਾਂ ਕੀਮਤਾਂ - ਸੱਚ, ਧਰਮ, ਸ਼ਾਂਤੀ ਅਤੇ ਪ੍ਰੇਮ - ਸਨਾਤਨ ਧਰਮ ਦੇ ਚਾਰ ਥੰਮ ਹਨ। ਸਨਾਤਨ ਭਗਵਾਨ ਸਾਨੂੰ ਹਮੇਸ਼ਾ ਭਗਵਾਨ ਨੂੰ ਯਾਦ ਕਰਨਾ ਸਿਖਾਉਂਦਾ ਹੈ ਅਤੇ ਉਸਨੂੰ ਵਿਸਰਨ ਦੀ ਸਿੱਖਿਆ ਨਹੀਂ ਦਿੰਦਾ! ਸਿਰਫ ਪਰਮਾਤਮਾ ਦੇ ਨਾਮ ਨਾਲ ਹੀ ਮੁਕਤੀ ਮਿਲ ਸਕਦੀ ਹੈ।

ਜੋ ਵੀ ਇਸ ਪੂਜਾ ਨੂੰ ਸੱਚੀ ਸ਼ਰਧਾ ਅਤੇ ਪਿਆਰ ਨਾਲ ਕਰੇਗਾ, ਭਗਵਾਨ ਸ੍ਰੀ ਸੱਤਿਆ ਸਾਈ, ਸੱਤਿਆ ਨਾਰਾਇਣ ਉਸਨੂੰ ਇਕ ਖੁਸ਼ਹਾਲ ਅਤੇ ਸ਼ਾਂਤੀ ਭਰਪੂਰ ਜੀਵਨ ਬਖਸ਼ਣਗੇ ਅਤੇ ਉਨ੍ਹਾ ਦੀਆਂ ਸਾਰੀਆਂ ਦੁੱਖ ਤਕਲੀਫਾਂ ਦੂਰ ਕਰ ਦੇਣਗੇ।

ਇਸ ਤਰਾਂ ਸ੍ਰੀ ਸੱਤਿਆ ਸਾਈ, ਸੱਤਿਆ ਨਾਰਾਇਣ ਕਥਾ
ਦਾ ਪੂਰਾ ਮੰਗਲਮਇ ਸਮਾਪਨ ਹੁੰਦਾ ਹੈ।
ਸ੍ਰੀ ਸਾਈ ਨੂੰ ਪ੍ਰਣਾਮ। ਸਭਨੂੰ ਸ਼ਾਂਤੀ ਮਿਲੇ!

ਪਿਆਰੇ ਭਗਵਾਨ ਨੇ ਕਿਰਪਾ ਕਰਕੇ ਵੀਰਵਾਰ ਮਿਤਿ 7 ਡਰਵਰੀ 2002 ਨੂੰ ਵ ਡਾਕਟਰ ਏਚ0 ਏਸ0 ਭਟ ਦੇ ਰਾਹੀਂ ਅਤੇ ਡਿਰ ਵੀਰਵਾਰ ਮਿਤਿ 22 ਅਕ੍ਤੂਵਰ 2009 ਨੂੰ ਸ੍ਰੀ ਏਮ0 ਏਨ0 ਮੋਹਨ ਕੁਮਾਰ ਦੇ ਰਾਹੀਂ ਪਰਸ਼ਾਂਤਿ ਨਿਲਯਮ ਵਿਖੇ ਇਸ ਕਥਾ ਨੂੰ ਧੰਨ ਕੀਤਾ ।

ਸ੍ਰੀ ਗਾਇਤ੍ਰੀ ਮੰਤਰ

ਓਮ ਸਈਸ਼ਵਰਯਾ ਵਿਦਮਾਹੇ

ਸੱਤਿਆ ਦੇਵਾਯਾ ਧੀਮਾਹੀ

ਥਨ ਨਾ ਸਰਵਾ ਪ੍ਰਾਚੋਦਯਾਤ

ਮੇਰਾ ਸਰੀਰ, ਮੇਰਾ ਮਨ ਅਤੇ ਮੇਰੀ ਆਤਮਾ, ਮੈਂ ਤੈਨੂੰ ਅਰਪਣ ਕਰਦਾ ਹਾਂ।

(ਇਸ ਮੰਤਰ ਨੂੰ ਰੋਜ਼ ਉਚਾਰਣ ਕਰੋ)

ਸਰਵ ਧਰਮ ਪ੍ਰਾਰਥਨਾ

ਓਮ ਤਤ ਸਤ ਸ੍ਰੀ ਨਾਰਾਇਣ ਤੂੰ, ਪੁਰਸ਼ੋਤਮ ਗੁਰੂ ਤੂੰ

ਸਿਧ ਬੁਧ ਤੂੰ, ਸਕੰਦ ਵਿਨਾਇਕ

ਸਵਿਤਾ ਪਾਵਕਾ ਤੂੰ, ਸਵਿਤਾ ਪਾਵਕਾ ਤੂੰ

ਬ੍ਰਹਮ ਮਜ਼ਦ ਤੂੰ, ਯੇਹੋਵਾ ਸ਼ਕਤੀ ਤੂੰ, ਇਸ਼ੂ ਪਿਤਾ ਪ੍ਰਭੂ ਤੂੰ

ਰੁਦ੍ਰ ਵਿਸ਼ਨੂੰ ਤੂੰ, ਰਾਮ ਕ੍ਰਿਸ਼ਨ ਤੂੰ

ਰਹੀਮ ਤਾਉ ਤੂੰ, ਰਹੀਮ ਤਾਉ ਤੂੰ

ਵਾਸੂਦੇਵਾ ਗੋ ਵਿਸ਼ਵ ਰੂਪ ਤੂੰ, ਚਿਦਾਨੰਦ ਹਰੀ ਤੂੰ

ਅਦਵੈਤ ਤੂੰ, ਅਕਾਲ ਨਿਰਭੈ, ਆਤਮਲਿੰਗ ਸ਼ਿਵ ਤੂੰ

ਆਤਮਲਿੰਗ ਸ਼ਿਵ ਤੂੰ, ਆਤਮਲਿੰਗ ਸ਼ਿਵ ਤੂੰ

ਓਮ ਤੂੰ ਹੀ ਹੈਂ, ਤੂੰ ਹੀ ਨਾਰਾਇਣ ਹੈਂ, ਆਦਮੀ ਦੇ ਭੇਸ ਵਿਚ ਰੱਬ ਹੈਂ; ਤੂੰ ਸੰਪੂਰਨਤਾ ਦਾ ਰੂਪ ਹੈਂ ਅਤੇ ਸੰਪੂਰਣ ਮਾਲਿਕ ਹੈਂ। ਤੂੰ ਹੀ ਗਿਆਨਵਾਨ ਬੁੱਧ ਹੈਂ; ਤੂੰ ਹੀ ਸੁਬਰਾਮਨਿਆ ਅਤੇ ਗਣੇਸ਼ ਹੈਂ; ਤੂੰ ਹੀ ਸੂਰਜ ਦੀ ਅੱਗ; ਤੂੰ ਹੀ ਸਿਰਜਣਹਾਰ ਬ੍ਰਹਮਾ; ਤੂੰ ਹੀ ਸਭਤੋਂ ਵੱਡਾ ਮਜ਼ਦ; ਤੂੰ ਹੀ ਜੇਹੋਵਾ ਅਤੇ ਜਨਮਦਾਤੀ ਸ਼ਕਤੀ ਬ੍ਰਹਮ ਮਾਤਾ ਹੈਂ। ਹੇ ਰੱਬਾ! ਤੂੰ ਹੀ ਇਸ਼ੂ ਦਾ ਪਿਤਾ ਹੈਂ। ਤੂੰ ਹੀ ਬਦਲਾਵ ਲਿਆਉਣ ਵਾਲਾ ਰੁਦ੍ਰ ਹੈਂ, ਅਤੇ ਰਾਖਣਹਾਰ ਵਿਸ਼ਨੂੰ ਹੈਂ; ਤੂੰ ਹੀ ਰਾਮ ਅਤੇ ਕ੍ਰਿਸ਼ਨ ਹੈਂ; ਤੂੰ ਹੀ ਰਹੀਮ ਹੈਂ, ਜੋ ਕਿ ਦਇਆਵਾਨ ਹੈ, ਹਮੇਸ਼ਾ ਦਿੰਦਾ ਹੈ ਅਤੇ ਵਧਾਉਂਦਾ ਹੈ; ਤੂੰ ਹੀ ਤਾਉ ਹੈਂ। ਤੂੰ ਹੀ ਵਾਸੂਦੇਵਾ ਹੈਂ, ਜੋ ਸਭਨੂੰ ਆਹਾਰ ਪ੍ਰਦਾਨ ਕਰਨ ਵਾਲਾ ਹੈ ਅਤੇ ਜੋ ਸਰਬ-ਵਿਆਪਕ ਅਤੇ ਸਰਬ-ਸ਼ਕਤੀਸ਼ਾਲੀ ਹੈ; ਤੂੰ ਹੀ ਹਰੀ ਹੈਂ ਭਰਮਾਂ ਨੂੰ ਦੂਰ ਕਰਨ ਵਾਲੀ ਅਨੰਦਦਾਇਕ ਆਤਮਾ ਹੈਂ। ਤੇਰਾ ਕੋਈ ਸਾਨੀ ਨਹੀਂ, ਤੂੰ ਸਮੇ ਤੋਂ ਪਰ੍ਹੇ ਹੈਂ ਅਤੇ ਕਿਸੇ ਤੋਂ ਵੀ ਨਾ ਡਰਨ ਵਾਲਾ ਹੈਂ; ਤੂੰ ਹੀ ਸ਼ਿਵ ਹੈਂ, ਜੋ ਲਿੰਗ ਦਾ ਸਿਰਜਣਹਾਰ ਹੈ, ਜੋ ਕਿ ਨਿਰਗੁਣ ਅਸਲੀਅਤ ਦਾ ਚਿੰਨ ਹੈ।

ਆਰਤੀ

ਓਮ ਜੈ ਜਗਦੀਸ਼ ਹਰੇ ਸਵਾਮੀ ਸੱਤਿਆ ਸਾਈ ਹਰੇ
ਭਗਤ ਜਨਾ ਸਮਰਕਸ਼ਕ (2) ਪਰਤੀ ਮਹੇਸ਼ਵਰਾ
ਓਮ ਜੈ ਜਗਦੀਸ਼ ਹਰੇ

ਸਾਰੇ ਸੰਸਾਰ ਦੇ ਮਾਲਿਕ ਸਵਾਮੀ ਸੱਤਿਆ ਸਾਈ ਦੀ ਜੈ, ਜੋ ਦੁੱਖ, ਬੁਰਾਈ ਅਤੇ ਕਸ਼ਟਾਂ ਦਾ ਨਾਸ਼ ਕਰਦਾ ਹੈ, ਅਤੇ ਆਪਣੇ ਭਗਤਾਂ ਦੀ ਰੱਖਿਆ ਕਰਦਾ ਹੈ। ਸਵਾਮੀਆਂ ਦੇ ਸਵਾਮੀ ਸਵਾਮੀ ਪੁੱਟਾਪਰਤੀ ਦੀ ਜੈ।

ਸ਼ਸ਼ੀ ਵਦਨਾ ਸ੍ਰੀ ਕਰਾ ਸਰਵਾ ਪ੍ਰਾਣ ਪਤੇ, ਸਵਾਮੀ ਸਰਵਾ ਪ੍ਰਾਣ ਪਤੇ
ਆਸ਼੍ਰਿਤ ਕਲਪ ਲਤੀਕਾ (2) ਆਪਦ ਬਾਂਧਵਾ
ਓਮ ਜੈ ਜਗਦੀਸ਼ ਹਰੇ

ਹੇ ਪੂਰਣ ਚੰਦਰਮਾ ਦੀ ਤਰਾਂ ਪਵਿੱਤਰ! ਹੇ ਮਾਲਿਕ ਸਾਈਂ! ਤੂੰ ਹੀ ਸਾਰੇ ਜੀਵਾਂ ਨੂੰ ਚਲਾਉਣ ਵਾਲੀ ਜੀਵਨ ਦਾਇਕ ਗਤੀ ਹੈਂ; ਜਿਨ੍ਹਾ ਨੇ ਤੇਰੇ ਅੱਗੇ ਸਮਰਪਣ ਕਰ ਦਿੱਤਾ ਉਨ੍ਹਾ ਦੀਆਂ ਮਨੋਕਾਮਨਾ ਪੂਰੀਆਂ ਕਰਨ ਵਾਲੀ ਬ੍ਰਹਮ ਬੇਲ ਹੈਂ, ਅਤੇ ਬਿਪਤਾ ਅਤੇ ਮੁਸੀਬਤ ਮੌਕੇ ਤੂੰ ਸਾਕ ਸਬੰਧੀ, ਬਚਾਉਣ ਵਾਲਾ ਅਤੇ ਦੋਸਤ ਹੈਂ। ਹੇ ਕਾਇਨਾਤ ਦੇ ਮਾਲਿਕ, ਤੇਰੀ ਜੈ ਹੋ।

ਮਾਤਾ ਪਿਤਾ ਗੁਰੂ ਦੈਵਾਮ ਮਰੀ ਅੰਤਯੂ ਨੀਵੇ ਸਵਾਮੀ ਮਰੀ ਅੰਤਯੂ ਨੀਵੇ
ਨਾਦ ਬ੍ਰਹਮ ਜਗਨਾਥਾ (2) ਨਾਗੇਂਦਰ ਸ਼ਯਨਾ
ਓਮ ਜੈ ਜਗਦੀਸ਼ ਹਰੇ

ਹੇ ਮਾਲਿਕ ਸਾਈਂ! ਤੂੰ ਸਾਡੇ ਲਈ ਮਾਤਾ, ਪਿਤਾ, ਭਲਾ ਉਸਤਾਦ, ਪ੍ਰਮੁੱਖ ਬ੍ਰਹਮ ਅਤੇ ਸਭ ਕੁਝ ਹੈਂ। ਹੇ ਕਾਇਨਾਤ ਦੇ ਮਾਲਿਕ! ਤੂੰ ਹੀ ਸਨਾਤਨ ਧੁਨੀ ਹੈਂ, ਜੋ ਕੁੰਡਲੀਆ ਗੁੱਗੇ ਪੀਰ ਤੇ ਲੇਟਿਆ ਹੋਇਆ ਹੈਂ।

ਓਮਕਾਰਾ ਰੂਪ ਔਜਸਵੀ ਓਮ ਸਾਈ ਮਹਾਦੇਵਾ ਸੱਤਿਆ ਸਾਈ ਮਹਾਦੇਵਾ

ਮੰਗਲ ਆਰਤੀ ਅੰਦੁਕੋ (2) ਮੰਦਰ ਗਿਰੀਧਾਰੀ

ਓਮ ਜੈ ਜਗਦੀਸ਼ ਹਰੇ

ਹੇ ਤੇਜਸਵੀ! ਹੇ ਮਾਲਿਕਾਂ ਦੇ ਮਾਲਿਕ, ਮਾਲਿਕ ਸਾਈ! ਤੇਰਾ ਰੂਪ ਪ੍ਰਨਵ ਹੈ। ਸਾਡੀ ਤੇਰੇ ਅੱਗੇ ਪ੍ਰਾਰਥਨਾ ਹੈ ਕਿ ਸਾਡੀ ਆਰਤੀ (ਜੋ ਅਗਿਆਨਤਾ ਨੂੰ ਖਤਮ ਕਰਦੀ ਹੈ) ਕਬੂਲ ਕਰ। ਹੇ ਕਾਇਨਾਤ ਦੇ ਮਾਲਿਕ, ਮੰਦਰ ਪਹਾੜ ਦੇ ਨਿਵਾਸੀ, ਸਵਾਮੀ ਗਿਰੀਧਰ, ਤੇਰੀ ਜੈ।

(ਪਿਛਲਾ ਅਤੇ ਆਖਰੀ ਸ਼ਲੋਕ ਤਿੰਨ ਵਾਰੀ ਗਾਉ,
ਹਰ ਵਾਰ ਪਿਛਲੀ ਵਾਰ ਤੋਂ ਤੇਜ਼ ਗਤੀ ਨਾਲ ਗਾਉ)

ਨਾਰਾਇਣ ਨਾਰਾਇਣ ਓਮ

ਸੱਤਿਆ ਨਾਰਾਇਣ ਨਾਰਾਇਣ ਨਾਰਾਇਣ ਓਮ

ਨਾਰਾਇਣ ਨਾਰਾਇਣ ਓਮ

ਸੱਤਿਆ ਨਾਰਾਇਣ ਨਾਰਾਇਣ ਓਮ (2)

ਓਮ ਜੈ ਸਦਗੁਰੂ ਦੇਵਾ

ਸਵਾਮੀ ਸ੍ਰੀ ਸੱਤਿਆ ਸਾਈ ਦਾ ਨਾਮ ਉਚਾਰੋ, ਸੱਤਿਆ ਨਾਰਾਇਣ, ਜਿਸਦਾ ਰੂਪ ਓਮ ਹੈ। ਭਲੇ ਉਸਤਾਦ ਅਤੇ ਪ੍ਰਮੁੱਖ ਸਵਾਮੀ ਸ੍ਰੀ ਸੱਤਿਆ ਸਾਈ! ਤੇਰੀ ਜੈ।

ਓਮ ਸ਼ਾਂਤੀ ਸ਼ਾਂਤੀ ਸ਼ਾਂਤੀ

ਸਮਸਤ ਲੋਕਾ

ਸਮਸਤ ਲੋਕਾ ਸੁਖੀਨੋ ਭਵੰਤੂ (3)

ਓਮ ਸ਼ਾਂਤੀ: ਸ਼ਾਂਤੀ: ਸ਼ਾਂਤੀ:

ਦੁਨੀਆ ਦੇ ਸਾਰੇ ਮਨੁੱਖਾਂ ਨੂੰ ਖੁਸ਼ੀ ਅਤੇ ਸ਼ਾਂਤੀ ਮਿਲੇ!

ਜੈ ਬੋਲੋ ਭਗਵਾਨ ਸ੍ਰੀ ਸੱਤਿਆ ਸਾਈ ਬਾਬਾ ਜੀ ਕੀ ਜੈ

ਵਿਭੂਤੀ ਪ੍ਰਾਰਥਨਾ

ਪਰਮਮ ਪਵਿੱਤਰਮ ਬਾਬਾ ਵਿਭੂਤਿਮ
ਪਰਮਮ ਵਿਚਿਤਰਮ ਲੀਲਾ ਵਿਭੂਤਿਮ
ਪਰਮਾਰਥ ਇਸ਼ਟਾਰਥ ਮੋਕਸ਼ ਪਰਦਾਤਮ
ਬਾਬਾ ਵਿਭੂਤਿਮ ਇਦਮ ਆਸ਼ਰਾਯਾਮੀ
ਓਮ ਸ਼ਾਂਤੀ ਸ਼ਾਂਤੀ ਸ਼ਾਂਤੀ

ਮੈਂ ਸਵਾਮੀ ਸ੍ਰੀ ਸੱਤਿਆ ਸਾਈ ਜੀ ਦੀ ਪਰਮ ਪਵਿੱਤਰ ਵਿਭੂਤੀ ਦੀ ਸ਼ਰਨ ਵਿਚ ਆ ਗਿਆ ਹਾਂ, ਇਕ ਅਦਭੁਤ ਵਿਭੂਤੀ, ਜੋ ਮੋਕਸ਼ ਪ੍ਰਦਾਨ ਕਰਦੀ ਹੈ, ਜਿਹੜੀ ਪਵਿੱਤਰ ਅਵਸਥਾ ਮੈਂ ਪਾਉਣੀ ਚਾਹੁੰਦਾ ਹਾਂ।

ਮੈਂ ਤੇਰੇ ਕੋਲੋਂ ਕੀ ਮੰਗਾਂ?

ਮੇਰੇ ਮਾਲਿਕ ਸਾਈ, ਮੈਨੂੰ ਤੇਰੇ ਤੋਂ ਕੁਝ ਨਹੀਂ ਚਾਹੀਦਾ।
ਜੋ ਵੀ ਕੋਈ ਉਮੀਦ ਕਰ ਸਕਦਾ ਹੈ ਜਾਂ ਮੰਗ ਸਕਦਾ ਹੈ
ਮੈਂ ਉਸ ਸਭ ਨਾਲ ਪਹਿਲਾਂ ਹੀ ਨਿਵਾਜਿਆ ਹੋਇਆ ਹਾਂ।
ਸੋਚਣ ਲਈ ਮੇਰੇ ਕੋਲ ਦਿਮਾਗ ਹੈ, ਇਹ ਤੇਰੀ ਹੀ ਕ੍ਰਿਪਾ ਹੈ!
ਮੇਰੇ ਕੋਲ ਦੇਖਣ ਲਈ ਅੱਖਾਂ ਅਤੇ ਸੁਣਨ ਲਈ ਕੰਨ ਹਨ,
ਇਹ ਸਭ ਤੇਰੀਆਂ ਹੀ ਮਿਹਰਾਂ ਹਨ!
ਮੇਰੇ ਸਾਹਮਣੇ ਇਹ ਪੂਰੀ ਦੁਨੀਆ ਦਾ ਪਸਾਰਾ ਹੈ,
ਜੋ ਕਿ ਦੀਰਘ ਅਕਾਰ ਵਾਲਾ ਅਤੇ ਵਿਭਿੰਨਤਾ ਭਰਪੂਰ ਹੈ,
ਆਪਣੇ ਆਪ ਨੂੰ ਵਿਅਕਤ ਕਰਨ ਲਈ ਬਹੁਤ ਹੈ। ਇਹ ਵੀ ਤੇਰੀ ਹੀ ਕ੍ਰਿਪਾ ਹੈ!
ਮੈਂ ਬਣਾ ਸਕਦਾ ਹਾਂ, ਮੈਂ ਵਿਗਾੜ ਸਕਦਾ ਹਾਂ।
ਇਹ ਸਾਰੇ ਵਿਕਲਪ ਤੇਰੀਆਂ ਹੀ ਮਿਹਰਾਂ ਸਦਕਾ ਹਨ।
ਮੈਂ ਕਦੀ ਵੀ ਇਹ ਪ੍ਰਾਰਥਨਾ ਤੇਰੇ ਅੱਗੇ ਕਰ ਸਕਦਾ ਹਾਂ।
ਤੇਰੀ ਸਿਫਤ ਕਰਨ ਦੀ ਇਹ ਸਮਰੱਥਾ ਵੀ ਤੇਰੀ ਹੀ ਕ੍ਰਿਪਾ ਸਦਕਾ ਹੈ!
ਮੈਨੂੰ ਤੇਰੇ ਤੋਂ ਕੁਝ ਨਹੀਂ ਚਾਹੀਦਾ, ਕਿਉਂਕਿ ਤੂੰ ਮੈਨੂੰ ਸਭ ਕੁਝ ਦਿੱਤਾ ਹੈ।
ਮੇਰੇ ਅੰਦਰ, ਮੇਰੇ ਬਾਹਰ, ਤੇਰੀ ਹੋਂਦ ਇਕ
ਅਜਿਹੀ ਚੀਜ ਹੈ ਜਿਸਨੂੰ ਮੈਂ ਭੁਲਾ ਨਹੀਂ ਸਕਦਾ।
ਮੈਂ ਭੁੱਲਣਾ ਚਾਹੁੰਦਾ ਹੀ ਨਹੀਂ। ਤੇਰੀ ਕ੍ਰਿਪਾ ਮੇਰੇ ਉੱਪਰ ਬਣੀ ਰਹੇ,
ਕੁਝ ਨਵਾਂ ਪਾਉਣ ਲਈ ਨਹੀਂ, ਸਗੋਂ ਤੇਰੀ ਕ੍ਰਿਪਾ ਦੇਖ ਸਕਣ ਲਈ!
ਮੇਰੀਆਂ ਸਾਰੀਆਂ ਪ੍ਰਾਪਤੀਆਂ, ਮੇਰੀਆਂ ਸਾਰੀਆਂ ਸਮਰੱਥਾਵਾਂ
ਵਿਚ ਮੈਨੂੰ ਤੇਰੀ ਕ੍ਰਿਪਾ ਨਜ਼ਰੀਂ ਆਵੇ!

ਸਾਈ ਰਾਮ

Copyright (English) 2002. Prasanthi Jyoti.
Translated into PUNJABI by Sri Inderbir Singh
Website: http://www.sathyasaikatha.com
Email: prasanthijyoti@gmail.com



ਮੇਰੇ ਵੱਲ ਇਕ ਕਦਮ ਚੱਲਕੇ ਆ

ਅਤੇ ਮੈਂ ਤੇਰੇ ਵੱਲ

ਸੌ ਕਦਮ ਚੱਲਕੇ ਆਵਾਂਗਾ।